ਮਾਸਕ ਪੱਤਰ

ੴ

# ਸੂਰਾ

ਅੰਮ੍ਰਿਤਸਰ

ਸਬਦ ਸੁਰਤਿ ਕਰਿ ਕੀਰਤਨੁ ਸਤਿਸੰਗਿ ਵਿਲੋਈ ॥
ਵਾਹਿਗੁਰੂ ਗੁਰ ਮੰਤ੍ਰ ਹੈ, ਜਪਿ ਹਉਮੇ ਖੋਈ ॥

## ਵਾਹਿਗੁਰੂ

April 1984

www.AKJ.Org

# ਤਤਕਰਾ


| | | |
|---|---|---|
| ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ | ੩ | ਦੌਲਤ ਰਾਇ |
| ਸੰਤ ਪਦ ਗੁਰੂ ਪ੍ਰਥਾਇ | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਦੋ ਗ਼ਜ਼ਲਾਂ—੧. ਕੌਣ ਰੋਕ ਸਕਦੈ ? ੨. ਦਸਿਆ ਮੈਨੂੰ ਨਜੂਮੀ | ੮ | ਗਿ: ਗੋਪਾਲ ਸਿੰਘ ਜੀ ਮਿਤਰ |
| ਹੁਕਮ—ਕਰਮ—ਹਉਮੈ | ੯ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| 'ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ' | ੧੪ | ਭਾਈ ਬਲਵੰਤ ਸਿੰਘ ਜੀ ਖ਼ਾਲਸਾ |
| ਕੇਸ ਰੱਬੀ ਦਾਤਿ | ੧੬ | ਗਿ: ਗੋਪਾਲ ਸਿੰਘ ਜੀ ਮਿੱਤਰ |
| ਜੀਵਨ-ਝਲਕੀਆਂ ਡਾ: ਸੁਰਿੰਦਰ ਸਿੰਘ ਜੀ (੭) | ੧੯ | — — |
| 'ਜੀਅ ਦਾਨੁ ਦੇ ਭਗਤੀ ਲਾਇਨਿ' | ੨੩ | ਸੂਰਾ ਪਰਵਾਰ |
| ਪੰਜ ਪਿਆਰਿਆਂ ਰਾਹੀਂ ਦਿਤਾ ਨਾਮ ਹੀ ਫਲੀਭੂਤ ਹੁੰਦਾ ਹੈ | ੨੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਨਾਟਕ, ਫ਼ਿਲਮਾਂ ਤੇ ਸਿਖ ਮੱਤ (੨) | ੨੬ | ਸੂਰਾ ਪਰਵਾਰ |
| ਸ਼ਰੋਮਣੀ ਅਕਾਲੀ ਦਲ ਮਜਬੂਰ ਕਿਉਂ ਹੋਇਆ ? | ੩੩ | ਸੰਤ ਲੌਂਗੋਵਾਲ |
| ਹਰਿਆਣੇ ਵਿਚ ਫਿਰਕੂ ਫ਼ਸਾਦ—ਸੰਖੇਪ ਵੇਰਵਾ | ੩੫ | ਐਡੀਟਰ ਸੰਤ ਸਿਪਾਹੀ |
| ਚੌ: ਭਜਨ ਲਾਲ ਦੀ ਫ਼ਿਰਕੂ ਜ਼ਹਿਨੀਅਤ | ੩੭ | ਰਤਨੇਸ਼ ਸਿੰਘ ਸੋਢੀ |
| ਪੰਥਕ ਖ਼ਬਰਾਂ | ੩੯ | ਅਖਬਾਰਾਂ ਦੀ ਜ਼ਬਾਨੀ |


| | | | |
|---|---|---|---|
| ਗੁਰੂ ਅਮਰਦਾਸ ਜੀ ਗੁਰਿਆਈ ਮਿਲੀ | ੨ ਅਪ੍ਰੈਲ | ਗੁਰੂ ਅੰਗਦ ਸਾਹਿਬ ਜੋਤੀ ਜੋਤਿ | ੫ ਅਪ੍ਰੈਲ |
| ਗੁਰੂ ਤੇਗ ਬਹਾਦਰ ਜੀ ,, ,, | ੧੪ ਅਪ੍ਰੈਲ | ਗੁਰੂ ਹਰਿਗੋਬਿੰਦ ਸਾਹਿਬ ਜੋਤੀ ਜੋਤਿ | ੬ ਅਪ੍ਰੈਲ |
| ਗੁਰੂ ਤੇਗ ਬਹਾਦਰ ਜੀ ਅਵਤਾਰ ਧਾਰਿਆ | ੨੦ ਅਪ੍ਰੈਲ | ਗੁਰੂ ਹਰਿ ਕ੍ਰਿਸ਼ਨ ਸਾਹਿਬ ਜੋਤੀ ਜੋਤਿ | ੧੪ ਅਪ੍ਰੈਲ |
| ਗੁਰੂ ਅਰਜਨ ਦੇਵ ਜੀ ,, ,, | ੨੨ ਅਪ੍ਰੈਲ | ਵੈਸਾਖੀ—ਖਾਲਸਾ ਪ੍ਰਗਟਿਆ | ੧੩ ਅਪ੍ਰੈਲ |

## 'ਸੂਰਾ' ਮਾਸਕ ਪੱਤਰ ਨੂੰ ਫ਼ਰਵਰੀ ਤੇ ਮਾਰਚ ਵਿਚ ਪੁਜੀ ਸਹਾਇਤਾ

| | | |
|---|---|---|
| ਸ. ਗੁਰਬਖਸ਼ ਸਿੰਘ ਸਿਵੀਆ ਯ.ਕੇ. ... ... ... | ਸੂਰਾ ਦੀ ਚੜ੍ਹਦੀ ਕਲਾ ਲਈ | ੨੮-੧੦ |
| ਸ. ਗੁਰਬਖਸ਼ ਸਿੰਘ ਅੰਮ੍ਰਿਤਸਰ ... ... ... | ਮਾਤਾ ਸੰਤ ਕੌਰ ਦੀ ਯਾਦ ਵਿਚ | ੧੧-੦੦ |
| ਸ. ਕੁਲਦੀਪ ਸਿੰਘ ਯੂਨਾਓ ... ... ... | ਸੂਰਾ ਦੀ ਚੜ੍ਹਦੀ ਕਲਾ ਲਈ | ੧੦-੦੦ |
| ਸ. ਗੁਰਚਰਨ ਸਿੰਘ ਕਾਨਪੁਰ ... ... ... | ,, ,, | ੨੦-੦੦ |
| ਸ. ਜਸਵੰਤ ਸਿੰਘ ਤਲਵੰਡੀ ਭਾਈ ... ... | ਕਾਕਾ ਹਰਪ੍ਰੀਤ ਸਿੰਘ ਦੀ ਦੇਹ ਅਰੋਗਤਾ ਲਈ | ੫੧-੦੦ |
| ਸ. ਕਰਤਾਰ ਸਿੰਘ ਬੇਦੀ, ਮੇਰਠ ... ... ... | ਸੂਰਾ ਦੀ ਚੜ੍ਹਦੀ ਕਲਾ ਲਈ | ੧੦੦·੦੦ |
| ਬੀਬੀ ਜਗਦੀਸ਼ ਕੌਰ ਹਸ਼ਿਆਰਪੁਰ ... | ਆਪਣੇ ਪਤੀ ਸ. ਬ੍ਰਿਜਿੰਦਰ ਸਿੰਘ ਦੀ ਅੰਤਮ ਯਾਦ ਵਿਚ | ੭੧-੦੦ |
| ਸ. ਕਰਤਾਰ ਸਿੰਘ ਨਵੀਂ ਦਿੱਲੀ ... ... ... | ਸੂਰਾ ਦੀ ਚੜ੍ਹਦੀ ਕਲਾ ਲਈ | ੪੧-੦੦ |
| ਸ. ਕੁਲਬੀਰ ਸਿੰਘ ਜੰਮੂ | ਬੱਚੇ ਦੇ ਜਨਮ ਦਿਨ ਦੀ ਖੁਸ਼ੀ ਵਿਚ | ੨੧-੦੦ |
| ਸ. ਬਲਵਿੰਦਰ ਸਿੰਘ ਜੌਹਲ ਧਾਰੀਵਾਲ ਕਲਾਂ ... | ਸੂਰਾ ਦੀ ਚੜ੍ਹਦੀ ਕਲਾ ਲਈ | ੧੦-੦੦ |
| ਮਿਸਜ਼ ਅਮਰਜੀਤ ਕੌਰ ਬਰਾੜ ਦਿਲੀ ਕੈਂਟ ... | ਬੱਚੇ ਦੇ ਮਿਲਟਰੀ ਸਕੂਲ ਵਿਚ ਦਾਖਲੇ ਦੀ ਯਾਚਨਾ | ੨੧-੦੦ |
| ਭਾ. ਮੋਹਿੰਦਰ ਸਿੰਘ ਰੋਚੈਸਟਰ ਯੂ.ਕੇ. ... ... | ਸੂਰਾ ਦੀ ਚੜ੍ਹਦੀ ਕਲਾ ਲਈ | ੯੦-੦੦ |
| ਸ. ਪ੍ਰਿਤਪਾਲ ਸਿੰਘ ਲੁਧਿਆਣਾ ... ... | ਸਿੰਘਣੀ ਦਾ ਦੇਹ ਅਰੋਗਤਾ ਲਈ | ੧੧-੦੦ |
| ਭਾ. ਕੁਲਦੀਪ ਸਿੰਘ ਸਮੱਥਵਿਕ ਯੂ.ਕੇ. ... ... | ਸੂਰਾ ਦੀ ਚੜ੍ਹਦੀ ਕਲਾ ਲਈ | ੩੦-੦੦ |
| ਸ. ਹਰਬਖਸ਼ ਸਿੰਘ ਸਰਾਏ ਯੂ. ਕੇ. ... ... | ,, ,, | ੬੩੦-੦੦ |
| ਸ. ਗੁਰਨਾਮ ਸਿੰਘ ਰੈਡਿੰਗ ਯੂ. ਕੇ. ... ... | ,, ,, | ੩੦੦-੦੦ |
| ਸ. ਸੁਰਿੰਦਰ ਸਿੰਘ ਗਾਰਡ ਫ਼ਿਰੋਜ਼ਪੁਰ ... ... | ਬੱਚੀ ਦੇ ਅਨੰਦ ਦੀ ਖੁਸ਼ੀ ਵਿਚ | ੨੧-੦੦ |
| ਸ. ਮੋਹਨ ਸਿੰਘ ਜਲੰਧਰ ... ... | ਨਵੇਂ ਬੰਗੇ ਦੀ ਖੁਸ਼ੀ ਵਿਚ | ੫੧-੦੦ |
| ਸ. ਤਾਰਾ ਸਿੰਘ ਪੰਡੋਰੀ ਇਰਾਈਆਂ ... ... | ਪੋਤਰੇ ਦੀ ਚੜ੍ਹਦੀ ਕਲਾ ਲਈ | ੧੧-੦੦ |
| ਬਾਬਾ ਜੀ ... ... | ਸੂਰਾ ਦੀ ਚੜ੍ਹਦੀ ਕਲਾ ਲਈ | ੫੦-੦੦ |
| ਸ. ਸੇਵਕ ਸਿੰਘ ਭੂਨਾ ... ... | ,, ,, | ੫੦-੦੦ |
| ਡਾ. ਦਲਬੀਰ ਸਿੰਘ ਨਵੀਂ ਦਿਲੀ ... ... | ,, ,, | ੧੦੦·੦੦ |


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੨.੪.੮੪. ਨੂੰ ਪ੍ਰਕਾਸ਼ਤ ਕੀਤਾ

ਟੈਲੀਫ਼ੋਨ ਨੰਬਰ 51847 ਘਰ 43094



www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ੴ ਵਾਹਿਗੁਰੂ ਜੀ ਕੀ ਫਤਹਿ

# ਸੂਰਾ

ਮਾਸਿਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

ਦੇਸ ੧੫-੦੦

ਇਕ ਪਰਚਾ ੧-੫੦

**ਪਰਦੇਸ**

ਸਮੁੰਦਰੀ ਡਾਕ ੩੫-੦੦

ਹਵਾਈ ਡਾਕ

ਅਰਬ, ਮਲਾਇਆ ੫੫-੦੦

ਯੂ. ਕੇ., ਅਫਰੀਕਾ ੭੫-੦੦

ਕੈਨੇਡਾ, ਅਮਰੀਕਾ ੯੦-੦੦

**ਅਮਾਨਤੀ ਲਾਈਫ ਮੈਂਬਰ**

ਦੇਸ ੧੫੦-੦੦

ਪਰਦੇਸ ੩੫੦-੦੦

ਹਵਾਈ ਡਾਕ

ਯੂ. ਕੇ, ਅਫਰੀਕਾ ੭੫੦-੦੦

ਕੈਨੇਡਾ, ਅਮਰੀਕਾ ੯੦੦-੦੦

ਅਰਬ ਮਲਾਇਆ ੫੫੦-੦੦

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੧੮ ਅਪ੍ਰੈਲ ੧੯੮੪ ਅੰਕ ੪


# ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ

ਇਸ ਹਸਤੀ ਨੇ ਹਿੰਦੂ ਧਰਮ ਦੀ ਨਈਆ ਨੂੰ ਤੂਫਾਨ ਵਿਚੋਂ ਕਢਿਆ ਹੀ ਨਹੀਂ, ਸਗੋਂ ਕੰਢੇ ਤੇ ਆ ਖੜਾ ਕੀਤਾ। ਹਿੰਦੂ ਧਰਮ ਦੇ ਸੁਕ ਚੁਕੇ ਤੇ ਕੁਮਲਾ ਗਏ ਬਾਗ ਲਈ ਉਹ ਰਹਿਮਤ ਦੀ ਵਰਖਾ ਤੇ ਉਜੜ ਰਹੇ ਚਮਨ ਦਾ ਮਾਲੀ ਤੇ ਦਰਦ ਵੰਡਾਉਣ ਵਾਲਾ ਸੀ। ਪਰ ਉਹ ਕੌਣ ਸੀ ? ਹਾਂ, ਉਹ ਸਨ ਗੁਰੂ ਗੋਬਿੰਦ ਸਿੰਘ ਜੀ, ਜਿਨ੍ਹਾਂ ਦੇ ਨਾਂ ਤੋਂ ਸਾਰਾ ਸੰਸਾਰ ਭਲੀ ਪ੍ਰਕਾਰ ਜਾਣੂ ਹੈ।

ਜਿਸ ਬੂਟੇ ਨੂੰ ਗੁਰੂ ਨਾਨਕ ਦੇਵ ਜੀ ਨੇ ਲਾਇਆ ਸੀ, ਜਿਸ ਨੂੰ ਗੁਰੂ ਅਰਜਨ ਦੇਵ ਜੀ ਤੇ ਗੁਰੂ ਹਰਿ ਗੋਬਿੰਦ ਜੀ ਨੇ ਆਪਣੇ ਖ਼ੂਨ ਦਾ ਪਾਣੀ ਦੇ ਕੇ ਤੇ ਹੱਡੀਆਂ ਦੀ ਖਾਦ ਪਾ ਕੇ ਵੱਡਾ ਕੀਤਾ ਸੀ, ਅਤੇ ਜਿਸ ਨੂੰ ਗੁਰੂ ਤੇਗ ਬਹਾਦਰ ਜੀ ਨੇ ਆਪਣੇ ਸੀਸ ਦਾ ਬਲੀਦਾਨ ਦੇ ਕੇ ਤੇ ਰੱਤ ਪਾ ਕੇ ਪਾਲਿਆ ਪੋਸਿਆ, ਉਸੇ ਦੀ ਸੇਵਾ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਮਾਤਾ, ਚਾਰ ਪੁਤਰਾਂ, ਪੰਜ ਪਿਆਰਿਆਂ ਤੇ ਹਜ਼ਾਰਾਂ ਸ਼ਰਧਾਲੂ ਸਿਖਾਂ ਦੁਲਾਰਿਆਂ ਦੀਆਂ ਲਹੂ ਦੀਆਂ ਵਗਦੀਆਂ ਨਦੀਆਂ ਨਾਲ ਐਸਾ ਬਲਵਾਨ ਕੀਤਾ ਕਿ ਉਸ ਨਾਲ ਫਲ ਲਗ ਪਏ। ਉਹ ਫਲ ਕੀ ਸਨ ? ਉਹ ਸੀ ਕੌਮੀ ਪਿਆਰ, ਧਾਰਮਿਕ ਭਾਈਚਾਰਾ, ਪ੍ਰਭੂ-ਭਗਤੀ ਤੇ ਪ੍ਰਭੂ-ਪਿਆਰ ਦੇ ਫੁਲ।

—ਦੌਲਤ ਰਾਏ ਲਿਖਤ ਪੁਸਤਕ 'ਗੁਰੂ ਗੋਬਿੰਦ ਸਿੰਘ', ਮੁਖ ਬੰਧ ਵਿਚੋਂ




www.AKJ.Org

# ਸੰਤ ਪਦ ਗੁਰੂ ਪ੍ਰਥਾਇ

(ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ)

ਗੁਰਬਾਣੀ ਅੰਦਰ 'ਸੰਤ' ਪਦ ਗੁਰੂ ਦੇ ਸਿਖਾਂ ਪ੍ਰਥਾਇ ਭੀ ਆਉਂਦਾ ਹੈ ਅਤੇ ਗੁਰੂ ਪ੍ਰਥਾਇ ਭੀ। ਸਾਰੇ ਸੁਖਮਨੀ ਸਾਹਿਬ ਅੰਦਰਿ, ਖਾਸ ਕਰਿ ਸਤਵੀਂ ਤੇ ਤੇਰ੍ਹਵੀਂ ਅਸਟਪਦੀ ਅੰਦਰਿ "ਸੰਤ, ਸਾਧ" ਪਦ ਜੋ ਵਰਤੇ ਗਏ ਹਨ, ਨਿਰੋਲ ਗੁਰੂ ਪ੍ਰਥਾਇ ਹੀ ਵਰਤੇ ਗਏ ਹਨ।

ਹੋਰ ਭੀ ਅਨੇਕ ਥਾਵੀਂ ਜਿਥੇ ਕਿਤੇ ਸੰਤ ਦੀ ਉਚ ਮਹਿਮਾ ਹੈ, ਉਥੇ 'ਸੰਤ' ਪਦ ਗੁਰੂਆਂ ਪ੍ਰਥਾਇ ਹੀ ਵਰਤਿਆ ਗਿਆ। ਜਿਸ ਪ੍ਰਕਾਰ ਗੁਰੂ ਚੌਥੀ ਪਾਤਸ਼ਾਹੀ ਨੇ ਜਿਥੇ ਕਿਥੇ ਵੀ ਸੰਤ ਦੀ ਮਹਿਮਾ ਗੁਰੂ ਸਰੂਪ ਵਿਚ ਗਾਈ ਹੈ, ਤਿਥੇ ਉਹਨਾਂ ਦਾ ਸਨਮੁਖ ਨਿਸ਼ਾਨਾ ਸ੍ਰੀ ਗੁਰੂ ਅਮਰਦਾਸ ਜੀ ਦੀ ਅਲੌਕਿਕ ਪਵਿੱਤਰ ਹਸਤੀ ਉਤੇ ਹੀ ਹੈ। ਏਸੇ ਪ੍ਰਕਾਰ ਗੁਰੂ ਤੀਜੀ ਪਾਤਸ਼ਾਹੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਗੁਰ-ਸੰਤ ਹਸਤੀ ਨੂੰ ਹੀ ਸਨਮੁਖ ਰਖ ਕੇ ਗੁਰੂ ਸਰੂਪ ਵਿਚ ਸੰਤ ਪਦ ਦੀ ਉਪਮਾ ਕੀਤੀ। ਗੁਰੂ ਅੰਗਦ ਸਾਹਿਬ ਜੀ ਨੇ ਗੁਰੂ ਪਹਿਲੀ ਪਾਤਸ਼ਾਹੀ ਨੂੰ ਗੁਰੂ ਸੰਤ ਸੌਂਹੇਂ ਰਖ ਕੇ ਸੰਤ ਪਦ ਨੂੰ ਗੁਰੂ ਦੇ ਥਾਉਂ ਵਰਤਿਆ ਹੈ। ਏਸ ਪ੍ਰਕਾਰ ਸ੍ਰੀ ਗੁਰੂ ਪੰਚਮ ਪਾਤਸ਼ਾਹ ਨੇ "ਭਾਗੁ ਹੋਆ ਗੁਰਿ ਸੰਤੁ ਮਿਲਾਇਆ॥ ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥" ਆਦਿ ਗੁਰ-ਮਹਿਮਾ-ਮੇਈ ਵਾਕਾਂ ਵਿਚਿ ਗੁਰੂ ਰਾਮਦਾਸ ਸਾਹਿਬ ਦਾ ਸਰੂਪ ਹੀ ਸਨਮੁਖ ਰਖ ਕੇ ਸੰਤ ਪਦ ਦੀ ਵਡਿਆਈ ਕੀਤੀ ਹੈ।

ਪਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਮੱਗਰ ਬਾਣੀ ਵਿਚਿ ਬਹੁਤੀ ਥਾਈਂ 'ਸੰਤ' ਪਦ ਗੁਰਸਿਖਾਂ ਪ੍ਰਥਾਇ ਭੀ ਵਰਤਿਆ ਗਿਆ ਹੈ। ਸੰਤ ਪਦ ਖੰਡਨ ਦੇ ਪੱਖੀਆਂ ਦੀ ਗਿਆਤ ਲਈ ਅਸੀਂ ਅਗੇ ਚਲ ਕੇ ਉਹ ਪ੍ਰਮਾਣ ਗੁਰਬਾਣੀ ਵਿਚੋਂ ਉਤਾਰ ਕੇ ਪੇਸ਼ ਕਰਾਂਗੇ ਜਿਨ੍ਹਾਂ ਤੋਂ ਇਹ ਸਿਧ ਹੁੰਦਾ ਹੈ ਕਿ 'ਸੰਤ' ਪਦ ਗੁਰਬਾਣੀ ਵਿਚ ਸਿਖ ਪ੍ਰਥਾਇ ਭੀ ਵਰਤਿਆ ਗਿਆ ਹੈ।

ਸਤ ਪਦ 'ਗੁਰੂ' ਅਰਥਾਂ ਵਿਚ ਕਿਥੇ ਕਿਥੇ ਵਰਤੇ ਗਏ ਹਨ, ਇਸ ਗੱਲ ਦੀ ਪ੍ਰੋੜ੍ਹਤਾ ਲਈ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਕੁਝ ਪ੍ਰਮਾਣ ਦਿਤੇ ਗਏ ਹਨ, ਜਿਨ੍ਹਾਂ ਵਿਚ ਸੰਤ ਸਾਧ ਪਦ ਗੁਰੂ ਪ੍ਰਥਾਇ ਵਰਤੇ ਗਏ ਹਨ—

(੧) ਏਹੁ ਮਨੋ ਮੂਰਖੁ ਲੋਭੀਆ ਲੋਭੇ ਲਗਾ ਲੁਭਾਨੁ॥
ਸਬਦਿ ਨ ਭੀਜੈ ਸਾਕਤਾ ਦੁਰਮਤਿ ਆਵਨ ਜਾਨੁ॥
ਸਾਧੂ ਸਤਿਗੁਰੁ ਜੇ ਮਿਲੈ ਤਾ ਪਾਈਐ ਗੁਣੀ ਨਿਧਾਨੁ॥੧॥੧੯॥

—ਸਿਰੀ ਰਾਗੁ ਮਹਲਾ ੧, ਪੰਨਾ ੨੧

(੨) ਸੰਤਨ ਮੋ ਕਉ ਹਰਿ ਮਾਰਗਿ ਪਾਇਆ॥ ਸਾਧ ਕ੍ਰਿਪਾਲਿ ਹਰਿ ਸੰਗਿ ਗਿਝਾਇਆ॥
ਹਰਿ ਹਮਰਾ ਹਮ ਹਰਿ ਕੇ ਦਾਸੇ ਨਾਨਕ ਸਬਦੁ ਗੁਰੂ ਸਚੁ ਦੀਨਾ ਜੀਉ॥੭॥੧੪॥੨੧॥

—ਮਾਝ ਮਹਲਾ ੫, ਪੰਨਾ ੧੦੦

(੩) ਸੰਤ ਕ੍ਰਿਪਾ ਤੇ ਮਿਟੇ ਮੋਹ ਭਰਮ॥ ਸਾਧ ਰੇਣ ਮਜਨ ਸਭਿ ਧਰਮ॥
ਸਾਧ ਕ੍ਰਿਪਾਲ ਦਇਆਲ ਗੋਵਿੰਦੁ॥ ਸਾਧਾ ਮਹਿ ਇਹ ਹਮਰੀ ਜਿੰਦੁ॥੩॥੨੨॥੯੧॥

—ਗਉੜੀ ਗੁਆਰੇਰੀ ਮਹਲਾ ੫, ਪੰਨਾ ੧੯੩

(੪) ਜਪਿ ਮਨ ਮੇਰੇ ਗੋਵਿੰਦ ਕੀ ਬਾਣੀ॥ ਸਾਧੂ ਜਨ ਰਾਮੁ ਰਸਨ ਵਖਾਣੀ॥੧॥ ਰਹਾਉ॥੧੩੧॥

—ਗਉੜੀ ਮਹਲਾ ੫, ਪੰਨਾ ੧੯੨



www.AKJ.Org

(੫) ਅਹੰਬੁਧਿ ਮਨ ਪੂਰਿ ਬਿਧਾਈ ॥ ਸਾਧ ਧੂਰਿ ਕਰਿ ਸੁਧ ਮੰਜਾਈ ॥੧॥੧੦੦॥੧੬੯॥
—ਗਉੜੀ ਮਹਲਾ ੫, ਪੰਨਾ ੨੦੦

(੬) ਆਪਹੁ ਕੋਈ ਮਿਲੈ ਨ ਭੂਲੈ ॥ ਜਿਸੁ ਕ੍ਰਿਪਾਲ ਤਿਸੁ ਸਾਧ ਸੰਗਿ ਘੂਲੈ ॥
ਕਹੁ ਨਾਨਕ ਤੇਰੈ ਕੁਰਬਾਣੁ ॥ ਸੰਤ ਓਟ ਪ੍ਰਭ ਤੇਰਾ ਤਾਣੁ ॥੪॥੩੪॥੮੫॥
—ਆਸਾ ਮਹਲਾ ੫, ਪੰਨਾ ੩੯੧

(੭) ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ ॥
ਜਮ ਕੰਕਰੁ ਨੇੜਿ ਨ ਆਵਈ ਫਿਰਿ ਬਹੁੜਿ ਨ ਮਰੀਐ ॥
ਭਵ ਸਾਗਰੁ ਸੰਸਾਰੁ ਬਿਖੁ ਸੋ ਪਾਰਿ ਉਤਰੀਐ ॥
ਹਰਿ ਗੁਣ ਗੁੰਫਹੁ ਮਨਿ ਮਾਲ ਹਰਿ ਸਭ ਮਲੁ ਪਰਹਰੀਐ ॥
ਨਾਨਕ ਪ੍ਰੀਤਮ ਮਿਲਿ ਰਹੇ ਪਾਰਬ੍ਰਹਮ ਨਰਹਰੀਐ ॥੧੧॥
—ਗਉੜੀ ਕੀ ਵਾਰ ਮਹਲਾ ੫, ਪੰਨਾ ੩੨੦

(੮) ਬਿਨੁ ਨਾਵੈ ਕਿਆ ਜੀਵਨਾ ਫਿਟੁ ਧ੍ਰਿਗੁ ਚਤੁਰਾਈ ॥
ਸਤਿਗੁਰ ਸਾਧੁ ਨ ਸੇਵਿਆ ਹਰਿ ਭਗਤਿ ਨ ਭਾਈ ॥੧॥
—ਆਸਾ ਮਹਲਾ ੧, ਪੰਨਾ ੪੨੨

(੯) ਮਿਟੇ ਅੰਦੇਸਿਆ ਹਾਂ ॥ ਸੰਤ ਉਪਦੇਸਿਆ ਮੇਰੇ ਮਨਾ ॥੧॥੪॥੧੬੦॥
—ਆਸਾਵਰੀ ਮਹਲਾ ੫, ਪੰਨਾ ੪੧੦

(੧੦) ਸਾਧੂ ਧੂਰਿ ਲਾਈ ਮੁਖਿ ਮਸਤਕਿ ਕਾਮ ਕ੍ਰੋਧ ਬਿਖੁ ਜਾਰਉ ॥
ਸਭ ਤੇ ਨੀਚ ਆਤਮ ਕਰਿ ਮਾਨਉ ਮਨ ਮਹਿ ਇਹੁ ਸੁਖੁ ਧਾਰਉ ॥੧॥੧੯॥
—ਦੇਵ ਗੰਧਾਰੀ ਮਹਲਾ ੫, ਪੰਨਾ ੫੩੨

(੧੧) ਹਰਿ ਗੁਣ ਗਾਵੈ ਹਉ ਤਿਸੁ ਬਲਿਹਾਰੀ ॥
ਦੇਖਿ ਦੇਖਿ ਜੀਵਾ ਸਾਧ ਗੁਰ ਦਰਸਨੁ ਜਿਸੁ ਹਿਰਦੈ ਨਾਮੁ ਮੁਰਾਰੀ ॥੧॥ਰਹਾਉ॥
—ਦੇਵਗੰਧਾਰੀ ਮ: ੪, ਪੰਨਾ ੫੨੮

(੧੨) ਅਨਿਕ ਜਨਮ ਵਿਛੁੜੇ ਦੁਖੁ ਪਾਇਆ ਮਨਮੁਖਿ ਕਰਮ ਕਰੈ ਅਹੰਕਾਰੀ ॥
ਸਾਧੂ ਪਰਸਤ ਹੀ ਪ੍ਰਭੁ ਪਾਇਆ ਗੋਬਿੰਦ ਸਰਣਿ ਤੁਮਾਰੀ ॥੧॥੭॥
—ਸੋਰਠਿ ਮ: ੪ ਦੁਤੁਕੇ, ਪੰਨਾ ੬੦੭

(੧੩) ਸੰਤ ਅਸਥਾਨਿ ਬਸੇ ਸੁਖ ਸਹਜੇ ਸਗਲੇ ਦੂਖ ਮਿਟਾਇਆ ॥੧॥ ਰਹਾਉ ॥
—ਸੋਰਠਿ ਮਹਲਾ ੫, ਪੰਨਾ ੬੨੯

(੧੪) ਹਰਿ ਰਸੁ ਪੀਵਹੁ ਪੁਰਖ ਗਿਆਨੀ ॥
ਸੁਣਿ ਸੁਣਿ ਮਹਾ ਤ੍ਰਿਪਤਿ ਮਨੁ ਪਾਵੈ ਸਾਧੂ ਅੰਮ੍ਰਿਤ ਬਾਨੀ ॥ਰਹਾਉ॥
—ਸੋਰਠਿ ਮਹਲਾ ੫, ਪੰਨਾ ੬੧੧

(੧੫) ਪ੍ਰਭ ਕੀ ਓਟ ਗਹੀ ਤਉ ਛੂਟੋ ॥
ਸਾਧ ਪ੍ਰਸਾਦਿ ਹਰਿ ਹਰਿ ਹਰਿ ਗਾਏ ਬਿਖੈ ਬਿਆਧਿ ਤਬ ਹੂਟੋ ॥੧॥ਰਹਾਉ॥
—ਧਨਾਸਰੀ ਮਹਲਾ ੫, ਪੰਨਾ ੬੭੩

(੧੬) ਆਨ ਤਿਆਗਿ ਭਏ ਇਕ ਆਸਰ ਸਰਣਿ ਸਰਣਿ ਕਰਿ ਆਏ ॥



www.AKJ.Org

ਸੰਤ ਅਨੁਗ੍ਰਹ ਭਏ ਮਨ ਨਿਰਮਲ ਨਾਨਕ ਹਰਿ ਗੁਨ ਗਾਏ ॥੨॥੩॥੩੪॥

—ਧਨਾਸਰੀ ਮਹਲਾ ੫, ਪੰਨਾ ੬੭੯

(੧੭) ਦਰਸਨੁ ਸਾਧ ਮਿਲਿਓ ਵਡਭਾਗੀ ਸਭਿ ਕਿਲਬਿਖ ਗਏ ਗਵਾਝਾ ॥
ਸਤਿਗੁਰੁ ਸਾਹੁ ਪਾਇਆ ਵਡ ਦਾਣਾ ਹਰਿ ਕੀਏ ਬਹੁ ਗੁਣ ਸਾਝਾ ॥੩॥

—ਜੈਤਸਰੀ ਮਹਲਾ ੪, ਪੰਨਾ ੬੯੭-੯੮

(੧੮) ਹਰਿ ਹਰਿ ਮੇਲਿ ਮੇਲਿ ਜਨ ਸਾਧੂ ਹਮ ਸਾਧ ਜਨਾ ਕਾ ਕੀੜਾ ॥
ਜਨ ਨਾਨਕ ਪ੍ਰੀਤਿ ਲਗੀ ਪਗ ਸਾਧ ਗੁਰ ਮਿਲਿ ਸਾਧੂ ਪਾਖਾਣੁ ਹਰਿਓ ਮਨੁ ਮੂੜਾ ॥੪॥੬॥

—ਜੈਤਸਰੀ ਮਹਲਾ ੪, ਪੰਨਾ ੬੯੮

(੧੯) ਸਤਿਗੁਰ ਦੀਨ ਦਇਆਲ ਜਿਸੁ ਸੰਗਿ ਹਰਿ ਗਾਵੀਐ ਜੀਉ ॥
ਅੰਮ੍ਰਿਤੁ ਹਰਿ ਕਾ ਨਾਮੁ ਸਾਧ ਸੰਗਿ ਰਾਵੀਐ ਜੀਉ ॥
ਭਜੁ ਸੰਗਿ ਸਾਧੂ ਇਕੁ ਅਰਾਧੂ ਜਨਮ ਮਰਨ ਦੁਖ ਨਾਸਏ ॥—ਧਨਾਸਰੀ ਮਹਲਾ ੫ ਛੰਤ,ਪੰਨਾ ੬੯੧

(੨੦) ਦਰਸਨੁ ਸੰਤ ਦੇਹੁ ਸੁਖੁ ਪਾਵੈ ਪ੍ਰਭ ਲੋਚ ਪੂਰਿ ਜਨ ਤੁਮਘਾ ॥ —ਸੂਹੀ ਮਹਲਾ ੪, ਪੰਨਾ ੭੩੧

(੨੧) ਕ੍ਹਾ ਕਉ ਦੁਰਾਉ ਕਾ ਸਿਉ ਬਲਬੰਚਾ ਜਹ ਜਹ ਪੇਖਉ ਤਹ ਤਹ ਨੇਰਾ ॥
ਸਾਧ ਮੂਰਤਿ ਗੁਰੁ ਭੇਟਿਓ ਨਾਨਕ ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥੨॥੧੦॥੧੧੭॥

—ਬਿਲਾਵਲ ਮਹਲਾ ੫ ਘਰੁ ੮, ਪੰਨਾ ੮੨੭

(੨੨) ਜਪਿ ਜਪਿ ਅੰਮ੍ਰਿਤ ਨਾਮੁ ਅਘਾਏ ॥ ਸੰਤ ਪ੍ਰਸਾਦਿ ਸਗਲ ਫਲ ਪਾਏ ॥੧॥੧੦॥੧੨॥

—ਗੋਂਡ ਮਹਲਾ ੫, ਪੰਨਾ ੮੬੫

(੨੩) ਆਠ ਪਹਰ ਹਰਿ ਕੇ ਗੁਣ ਗਾਉ ॥ ਜੀਅ ਪ੍ਰਾਨ ਕੋ ਇਹੈ ਸੁਆਉ ॥
ਤਜਿ ਅਭਿਮਾਨੁ ਜਾਨੁ ਪ੍ਰਭੁ ਸੰਗਿ ॥ ਸਾਧ ਪ੍ਰਸਾਦਿ ਹਰਿ ਸਿਉ ਮਨ ਰੰਗਿ ॥੨॥੧੧॥੧੩॥

—ਗੋਂਡ ਮਹਲਾ ੫, ਪੰਨਾ ੮੬੬

(੨੪) ਜੈਸੇ ਮੰਦਰ ਮਹਿ ਬਲਹਰੁ ਨਾ ਠਾਹਰੈ ॥ ਨਾਮ ਬਿਨਾ ਕੈਸੇ ਪਾਰਿ ਉਤਰੈ ॥
ਕੁੰਭ ਬਿਨਾ ਜਲੁ ਨਾ ਟੀਕਾਵੈ ॥ ਸਾਧੂ ਬਿਨੁ ਐਸੇ ਅਬਗਤੁ ਜਾਵੈ ॥੧॥
ਜਾਰਉ ਤਿਸੈ ਜੁ ਰਾਮੁ ਨ ਚੇਤੈ ॥ ਤਨ ਮਨ ਰਮਤ ਰਹੈ ਮਹਿ ਖੇਤੈ ॥ ੧ ॥ ਰਹਾਉ ॥
ਜੈਸੇ ਹਲਹਰ ਬਿਨਾ ਜਿਮੀ ਨਹੀ ਬੋਈਐ ॥ ਸੂਤ ਬਿਨਾ ਕੈਸੇ ਮਣੀ ਪਰੋਈਐ ॥
ਘੁੰਡੀ ਬਿਨੁ ਕਿਆ ਗੰਠਿ ਚੜ੍ਹਾਈਐ ॥ ਸਾਧੂ ਬਿਨੁ ਤੈਸੇ ਅਬਗਤੁ ਜਾਈਐ ॥੨॥
ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ ॥ ਬਿੰਬ ਬਿਨਾ ਕੈਸੇ ਕਪਰੇ ਧੋਈ ॥
ਘੋਰ ਬਿਨਾ ਕੈਸੇ ਅਸਵਾਰ ॥ ਸਾਧੂ ਬਿਨੁ ਨਾਹੀ ਦਰਵਾਰ ॥੩॥੬॥੯॥

—ਗੋਂਡ ਕਬੀਰ ਜੀ, ਪੰਨਾ ੮੭੨

(੨੫) ਜੇ ਵਡਭਾਗ ਹੋਵਹਿ ਮੁਖਿ ਮਸਤਕਿ ਹਰਿ ਰਾਮ ਜਨਾ ਭੇਟਾਇ ॥
ਦਰਸਨੁ ਸੰਤ ਦੇਹੁ ਕਰਿ ਕਿਰਪਾ ਸਭੁ ਦਾਲਦੁ ਦੁਖੁ ਲਹਿ ਜਾਇ ॥੨॥੨॥

—ਰਾਮਕਲੀ ਮ: ੪, ਪੰਨਾ ੮੮੧

(੨੬) ਸਾਧੂ ਧੂਰਿ ਕਰਉ ਨਿਤ ਮਜਨੁ ਸਭ ਕਿਲਬਿਖ ਪਾਪ ਗਵਾਇਣ ॥
ਪੂਰਨ ਪੂਰਿ ਰਹੇ ਕਿਰਪਾਨਿਧਿ ਘਟਿ ਘਟਿ ਦਿਸਟਿ ਸਮਾਇਣੁ ॥੧॥੬॥੭॥

—ਨਟ ਮਹਲਾ ੫, ਪੰਨਾ ੯੮੯



www.AKJ.Org

(੨੭) ਸਾਧੂ ਪੁਰਖੁ ਸਾਧ ਜਨ ਪਾਏ ਇਕ ਬਿਨਉ ਗੁਰ ਪਿਆਰੇ ॥
ਰਾਮ ਨਾਮੁ ਧਨੁ ਪੂਜੀ ਦੇਵਹੁ ਸਭ ਤਿਸਨਾ ਭੂਖ ਨਿਵਾਰੇ ॥੧॥੬॥ —ਨਟ ਮ: ੪, ਪੰਨਾ ੯੮੩

(੨੮) ਗੁਰ ਪੂਰਾ ਵਡਭਾਗੀ ਪਾਈਐ ॥ ਮਿਲਿ ਸਾਧੂ ਹਰਿ ਨਾਮੁ ਧਿਆਈਐ ॥੧॥
ਪਾਰਬ੍ਰਹਮ ਪ੍ਰਭ ਤੇਰੀ ਸਰਨਾ ॥ ਕਿਲਬਿਖ ਕਾਟੈ ਭਜੁ ਗੁਰ ਕੇ ਚਰਨਾ ॥੧॥ਰਹਾਉ॥
ਅਵਰਿ ਕਰਮ ਸਭਿ ਲੋਕਾਚਾਰ ॥ ਮਿਲਿ ਸਾਧੂ ਸੰਗਿ ਹੋਇ ਉਧਾਰ ॥੨॥
ਸਿੰਮ੍ਰਿਤਿ ਸਾਸਤ ਬੇਦ ਬੀਚਾਰੇ ॥ ਜਪੀਐ ਨਾਮੁ ਜਿਤੁ ਪਾਰਿ ਉਤਾਰੇ ॥੩॥
ਜਨ ਨਾਨਕ ਕਉ ਪ੍ਰਭ ਕਿਰਪਾ ਕਰੀਐ ॥ ਸਾਧੂ ਧੂਰਿ ਮਿਲੈ ਨਿਸਤਰੀਐ ॥੪॥੬॥੧੧॥
—ਬਿਲਾਵਲੁ ਮਹਲਾ ੫, ਪੰਨਾ ੮੦੪

(੨੯) ਤੇ ਸਾਧੂ ਹਰਿ ਮੇਲਹੁ ਸੁਆਮੀ ਜਿਨ ਜਪਿਆ ਗਤਿ ਹੋਇ ਹਮਾਰੀ ॥
ਤਿਨ ਕਾ ਦਰਸੁ ਦੇਖਿ ਮਨੁ ਬਿਗਸੈ ਖਿਨੁ ਖਿਨੁ ਤਿਨ ਕਉ ਹਉ ਬਲਿਹਾਰੀ ॥੧॥੨॥੬॥
—ਭੈਰਉ ਮਹਲਾ ੧, ਪੰਨਾ ੧੧੩੫

(੩੦) ਸਾਧੂ ਧੂਰਿ ਪੁਨੀਤ ਕਰੀ ॥
ਮਨ ਕੇ ਬਿਕਾਰ ਮਿਟਹਿ ਪ੍ਰਭ ਸਿਮਰਤ ਜਨਮ ਜਨਮ ਕੀ ਮੈਲੁ ਹਰੀ ॥੧॥ਰਹਾਉ॥
—ਭੈਰਉ ਮਹਲਾ ੫, ਪੰਨਾ ੧੧੫੨

(੩੧) ਪਾਰਬ੍ਰਹਮੁ ਜਬ ਹੋਇ ਦਇਆਲ ॥ ਸਾਧੂ ਜਨ ਕੀ ਕਰੈ ਰਵਾਲ ॥
ਕਾਮੁ ਕ੍ਰੋਧੁ ਇਸੁ ਤਨ ਤੇ ਜਾਇ ॥ ਰਾਮ ਰਤਨੁ ਵਸੈ ਮਨਿ ਆਇ ॥੨॥੨੦॥੨੨॥੬॥੨੮॥
—ਗੋਂਡ ਮਹਲੁ ੫, ਪੰਨਾ ੮੬੯

(੩੨) ਅੰਮ੍ਰਿਤ ਬਚਨ ਸਾਧ ਕੀ ਬਾਣੀ ॥
ਜੋ ਜੋ ਜਪੈ ਤਿਸ ਕੀ ਗਤਿ ਹੋਵੈ ਹਰਿ ਹਰਿ ਨਾਮੁ ਨਿਤ ਰਸਨ ਬਖਾਨੀ ॥੧॥ਰਹਾਉ॥
ਕਲੀ ਕਾਲ ਕੇ ਮਿਟੇ ਕਲੇਸਾ ॥ ਏਕੋ ਨਾਮੁ ਮਨ ਮਹਿ ਪਰਵੇਸਾ ॥੧॥
ਸਾਧੂ ਧੂਰਿ ਮੁਖਿ ਮਸਤਿਕ ਲਾਈ ॥ ਨਾਨਕ ਉਧਰੇ ਹਰਿ ਗੁਰ ਸਰਣਾਈ ॥੨॥੩੧॥੩੭॥
—ਸੂਹੀ ਮਹਲਾ ੫, ਪੰਨਾ ੭੪੪.

(੩੩) ਰਾਮ ਨਾਮੁ ਰਤਨ ਕੋਠੜੀ ਗੜ ਮੰਦਰਿ ਏਕ ਲੁਕਾਨੀ ॥
ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ ॥੧॥
ਮਾਧੋ ਸਾਧੂ ਜਨ ਦੇਹੁ ਮਿਲਾਇ ॥
ਦੇਖਤ ਦਰਸੁ ਪਾਪ ਸਭਿ ਨਾਸਹਿ ਪਵਿਤ੍ਰ ਪਰਮ ਪਦੁ ਪਾਇ ॥੧॥ ਰਹਾਉ॥
ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ ॥
ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ ॥੨॥
ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ ॥
ਸਾਧੂ ਪੁਰਖੁ ਪੁਰਖ ਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ ॥੩॥
ਜਗੰਨਾਥ ਜਗਦੀਸ ਗੁਸਾਈ ਕਰਿ ਕਿਰਪਾ ਸਾਧੁ ਮਿਲਾਵੈ ॥
ਨਾਨਕ ਸਾਤਿ ਹੋਵੈ ਮਨ ਅੰਤਰਿ ਨਿਤ ਹਿਰਦੈ ਹਰਿ ਗੁਣ ਗਾਵੈ ॥੪॥੧॥੩॥
—ਬਸੰਤ ਹਿੰਡੋਲ ਮਹਲਾ ੪ ਘਰ ੨, ਪੰਨਾ ੧੧੭੮

(੩੪) ਅੰਧ ਕੂਪ ਤੇ ਕਾਢਨਹਾਰਾ ॥ ਪ੍ਰੇਮ ਭਗਤਿ ਹੋਵਤ ਨਿਸਤਾਰਾ ॥
ਸਾਧ ਰੂਪ ਅਪਨਾ ਤਨੁ ਧਾਰਿਆ ॥ ਮਹਾ ਅਗਨਿ ਤੇ ਆਪਿ ਉਬਾਰਿਆ ॥



www.AKJ.Org

ਜਪ ਤਪ ਸੰਜਮ ਇਸ ਤੇ ਕਿਛੁ ਨਾਹੀ ॥ ਆਦਿ ਅੰਤਿ ਪ੍ਰਭ ਅਗਮ ਅਗਾਹੀ ॥
ਨਾਮੁ ਦੇਹਿ ਮਾਗੈ ਦਾਸੁ ਤੇਰਾ ॥ ਹਰਿ ਜੀਵਨ ਪਦੁ ਨਾਨਕ ਪ੍ਰਭੁ ਮੇਰਾ ॥੪॥੩॥੧੯॥

—ਮਾਰੂ ਮਹਲਾ ੫, ਪੰਨਾ ੧੦੦੫

(੩੫) ਸਤਿਗੁਰ ਕੀ ਮਹਿਮਾ ਸਤਿਗੁਰੁ ਜਾਣੈ ॥ ਜੋ ਕਿਛੁ ਕਰੇ ਸੁ ਆਪਣ ਭਾਣੈ ॥
ਸਾਧੂ ਧੂਰਿ ਜਾਚਹਿ ਜਨ ਤੇਰੇ ਨਾਨਕ ਸਦ ਕੁਰਬਾਨਾ ਹੇ ॥੯॥੧॥੪॥

—ਮਾਰੂ ਮਹਲਾ ੧ ਸੋਲਹੇ, ਪੰਨਾ ੧੦੭੫

(੩੬) ਅਬ ਮੋਰੋ ਠਾਕੁਰ ਸਿਉ ਮਨੁ ਮਾਨਾਂ ॥
ਸਾਧ ਕ੍ਰਿਪਾਲ ਦਇਆਲ ਭਏ ਹੈ ਇਹੁ ਛੇਦਿਓ ਦੁਸਟੁ ਬਿਗਾਨਾ ॥੧॥ਰਹਾਉ॥

—ਸਾਰੰਗ ਮਹਲਾ ੫, ਪੰਨਾ ੧੨੦੪

(੩੭) ਕੋਇ ਨ ਜਾਣੈ ਤੁਮਰੀ ਗਤਿ ਮਿਤਿ ਆਪਹਿ ਏਕ ਪਸਾਰਾ ॥
ਸਾਧ ਨਾਵ ਬੈਠਾਵਹੁ ਨਾਨਕ ਭਵ ਸਾਗਰੁ ਪਾਰਿ ਉਤਾਰਾ ॥੨॥੫੮॥੮੧॥

—ਸਾਰੰਗ ਮਹਲਾ ੫, ਪੰਨਾ ੧੧੨੦

(੩੮) ਸਤਿਗੁਰੁ ਸੰਤੁ ਮਿਲੈ ਸਾਂਤਿ ਪਾਈਐ ਕਿਲਵਿਖ ਦੁਖ ਕਾਟੇ ਸਭਿ ਦੂਰਿ ॥
ਆਤਮ ਜੋਤਿ ਭਈ ਪਰਫੂਲਿਤ ਪੁਰਖੁ ਨਿਰੰਜਨੁ ਦੇਖਿਆ ਹਜੂਰਿ ॥

—ਸਾਰੰਗ ਮਹਲਾ ੪ ਘਰੁ ੧, ਪੰਨਾ ੧੧੯੮

(੩੯) ਹਰਿ ਇਕਸੈ ਦੀ ਮੈ ਟੇਕ ਹੈ ਜੋ ਸਿਰਿ ਸਭਨਾ ਸਮਰਥੁ ॥
ਸਤਿਗੁਰਿ ਸੰਤੁ ਮਿਲਾਇਆ ਮਸਤਕਿ ਧਰਿ ਕੈ ਹਥੁ ॥
ਵਡਾ ਸਾਹਿਬੁ ਗੁਰੂ ਮਿਲਾਇਆ ਜਿਨਿ ਤਾਰਿਆ ਸਗਲ ਜਗਤੁ ॥

'ਸੰਤ ਪਦ ਨਿਰਣੇ' ਪੁਸਤਕ ਵਿਚੋਂ— —ਸਲੋਕ ਮ: ੫, ਪੰਨਾ ੯੫੮-੫੯

---

ਗ਼ਜ਼ਲ— **ਕੌਣ ਰੋਕ ਸੱਕਦੈ ?** ਵਲੋਂ ਗਿ: ਗੋਪਾਲ ਸਿੰਘ ਜੀ ਮਿੱਤਰ **ਦੱਸਿਆ ਮੈਨੂੰ ਨਜੂਮੀ** —ਗ਼ਜ਼ਲ

## ਕੌਣ ਰੋਕ ਸੱਕਦੈ ?

ਕੌਣ ਰੋਕ ਸੱਕਦੈ ਦਿਲ ਦੀ ਹਵਾੜ ਨੂੰ ?
ਕੌਣ ਸਹਿਨ ਕਰੇ ਯਾਰ ਬੋਲ-ਸਾੜ ਨੂੰ ?
ਦੜ ਵੱਟ ਕੌਣ ਜ਼ਿੰਦਗੀ ਕਟ ਸਕਦੈ ਭਲਾ;
ਸੂਰਾ ਨਹੀਂ ਜੋ ਯਰਕ ਤੁਰ ਜਾਏ ਪਹਾੜ ਨੂੰ।
ਹੱਕ ਮੰਗੇ ਆਪਣਾ ਕੋਈ ਤੇ ਦੇ ਦਿਉ;
ਹਰਗਿਜ਼ ਵਧਾਉ ਨਾ ਕਦੀ ਉਠਦੇ ਵਿਗਾੜ ਨੂੰ।
ਬਲ ਉਠੀ ਬੁਝਾਉਣੀ ਹੈ ਦਾਨਿਆਂ ਦਾ ਕੰਮ;
ਸ਼ੈਤਾਨ ਤਾਂ ਵਧਾਉਂਦੇ ਨੇ ਕਾੜ ਕਾੜ ਨੂੰ।
ਸਿਆਣਿਓ ! ਬਚਾਉ ਡਿਗ ਰਹੀ ਕੰਧ ਨੂੰ;
ਗੱਚ ਕੋਈ ਲਾਉ ਵਧ ਰਹੇ ਪਾੜ ਨੂੰ।

## ਦੱਸਿਆ ਮੈਨੂੰ ਨਜੂਮੀ

ਦੱਸਿਐ ਮੈਨੂੰ ਨਜੂਮੀ ਸਮਾਂ ਐਸਾ ਆਏਗਾ।
ਜੋ ਇਸ ਫ਼ਿਜ਼ਾ ਨੂੰ ਬਦਲ ਕੇ ਤੇ ਨਵਾਂ ਰੰਗ ਵਿਖਾਏਗਾ।
*ਨਾਖ਼ੁਦਾ ਨੂੰ ਕਹਿ ਦਿਉ, ਇਥੇ ਹੀ ਬੇੜਾ ਰੋਕ ਲੈ;
ਨਾਲ ਲਹਿਰਾਂ ਉਠਦੀਆਂ ਦੇ ਕੌਣ ਮੱਥਾ ਲਾਏਗਾ।
ਜੋ ਖੜੇ ਰਾਹ ਰੋਕ ਕੇ ਦਿੱਸਣਗੇ ਪਰਬਤ ਉਡਦੇ;
ਤੂਫ਼ਾਨ ਬਣ ਕੇ ਜਦੋਂ ਇਹ ਆਕਾਸ਼ ਤੇ ਛਾ ਜਾਏਗਾ।
ਉਸ ਦੀ ਲਾਲੀ ਵਿਖਾਏਗੀ ਨਵੀਂ ਹੀ ਰੌਸ਼ਨੀ,
ਭੂਤ ਕਾਲੇ ਨ੍ਹੇਰਿਆਂ ਨੂੰ ਚਾਨਣਾ ਖਾ ਜਾਏਗਾ।
ਓ ਵਕਤ ਦੇ ਮਾਲਕੋ ! ਹੋ ਜਾਉ ਹੁਣੇ ਸੁਚੇਤ ਹੀ;
ਫਿਰ ਕਹੋਗੇ ਖ਼ਬਰ ਨਹੀਂ ਸੀ ਇੰਨੀ ਆਫ਼ਤ ਢਾਏਗਾ।

*ਮਲਾਹ, ਖੇਵਟ।


www.AKJ.Org

# ਹੁਕਮ–ਕਰਮ–ਹਉਮੈ

(ਪ੍ਰੋਫੈਸਰ ਗੁਰਮੁਖ ਸਿੰਘ ਜੀ, ਗੌਰਮੈਂਟ ਕਾਲਜ, ਸੰਗਰੂਰ)

"ਸਿਖ ਇਕ ਵੱਖਰੀ ਕੌਮ" 'ਸੂਰਾ' ਵਿਸ਼ੇਸ਼ ਅੰਕ ਦਸੰਬਰ ੧੯੮੩ ਵਿਚ ਲੇਖਕ ਜੀ ਦੇ ਲੇਖ "ਭਾਰਤੀ ਧਰਮ-ਚੇਤਨਾ ਤੇ ਗੁਰਮਤਿ ਫ਼ਲਸਫ਼ਾ" ਨਾਮੀ ਲੇਖ ਨਾਲ ਸੰਬੰਧਤ ਨਿਰੋਲ ਗੁਰਮਤਿ ਸਿਧਾਂਤਾਂ ਨੂੰ ਨਿਰਣਤ ਕਰਦਿਆਂ ਦਸਿਆ ਜਾ ਰਿਹਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਜਾਗਰ ਕੀਤਾ ਪੰਥ ਨਿਰਮਲ ਤੇ ਨਿਰਭਉ ਹੁੰਦਾ ਹੋਇਆ, ਇਕ ਵਿਲੱਖਣ ਪੰਥ ਹੈ । ਫ਼ਰਵਰੀ ੧੯੮੪ ਦੇ 'ਸੂਰਾ' ਵਿਚ ਉਸ ਦਾ ਪ੍ਰਥਮ ਅੰਕ 'ਅਕਾਲ ਪੁਰਖ' ਦਿਤਾ ਗਿਆ ਸੀ । ਹੁਣ ਇਥੇ ਉਸ ਤੋਂ ਅਗਲੇ ਕੁਝ ਅੰਕ ਦਿਤੇ ਜਾ ਰਹੇ ਹਨ । —ਸੰਪਾਦਕ

## ਹੁਕਮ :–

ਜਪੁ ਬਾਣੀ ਵਿਚ ਸ੍ਰੀ ਅਕਾਲ ਜੀ ਦੀ ਵਿਆਖਿਆ ਤੋਂ ਮਗਰੋਂ ਸਤਿਗੁਰੂ ਜੀ ਨੇ 'ਹੁਕਮ' ਦੇ ਸਿਧਾਂਤ ਤੇ ਚਾਨਣਾ ਪਾਇਆ ਹੈ । ਹੁਕਮ ਦੀ ਵਿਆਖਿਆ ਦਾ ਘੇਰਾ ਇਤਨਾ ਵਿਸ਼ਾਲ ਹੈ ਜਿਤਨਾ ਬ੍ਰਹਮੰਡ–

ਹੁਕਮੀ ਹੋਵਨਿ ਆਕਾਰ, ਹੁਕਮੁ ਨ ਕਹਿਆ ਜਾਈ ॥
ਹੁਕਮੀ ਹੋਵਨਿ ਜੀਅ, ਹੁਕਮਿ ਮਿਲੈ ਵਡਿਆਈ ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥
ਇਕਨਾ ਹੁਕਮੀ ਬਖਸੀਸ, ਇਕਿ ਹੁਕਮੀ ਸਦਾ ਭਵਾਈਅਹਿ ॥
ਹੁਕਮੈ ਅੰਦਰਿ ਸਭੁ ਕੋ, ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ, ਤ ਹਉਮੈ ਕਹੈ ਨ ਕੋਇ ॥ (ਜਪੁਜੀ ਸਾਹਿਬ, ਪੰਨਾ ੧)

ਇਸ ਸ੍ਰਿਸ਼ਟੀ ਦੀ ਰਚਨਾ ਬਾਰੇ ਹਰ ਧਰਮ ਨੇ, ਹਰ ਫ਼ਿਲਾਸਫ਼ਰ ਨੇ ਬੜਾ ਕੁਝ ਕਿਹਾ ਹੈ ਤੇ ਕਹਿੰਦੇ ਰਹਿਣਗੇ । ਪਰ ਗੁਰੂ ਸਾਹਿਬ ਨੇ ਸਾਰੀਆਂ ਕਿਆਸ-ਅਰਾਈਆਂ ਨੂੰ ਇਕੋ ਹੁਕਮ ਦੀ ਗੱਲ ਕਹਿ ਕੇ ਸ਼ਾਂਤ ਕਰ ਦਿਤੈ ਕਿ ਇਹ ਸਭ ਆਕਾਰ ਹੁਕਮ ਅੰਦਰ ਹੋਇਆ ਹੈ । ਪਰ ਉਸ ਪ੍ਰਭੂ ਮਾਲਕ ਨੇ ਕਿਉਂ ਹੁਕਮ ਕੀਤਾ ? ਤੇ ਕਿਵੇਂ ਕੀਤਾ ? ਤੇ ਅਗੋਂ ਕੀ ਹੁਕਮ ਹੋਵੇਗਾ ? ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ—

......ਹੁਕਮੁ ਨ ਕਹਿਆ ਜਾਈ ॥ (ਜਪੁਜੀ, ਪੰਨਾ ੧)
ਬੀਓ ਪੂਛਿ ਨ ਮਸਲਤਿ ਧਰੈ ॥ ਜੋ ਕਿਛੁ ਕਰੈ ਸੁ ਆਪਹਿ ਕਰੈ ॥੨॥੩॥੫॥ (ਗੋਂਡ ਮ: ੫, ਪੰਨਾ ੮੬੩
ਆਵਨ ਜਾਨੁ ਇਕੁ ਖੇਲੁ ਬਨਾਇਆ ॥ ਆਗਿਆਕਾਰੀ ਕੀਨੀ ਮਾਇਆ ॥੬॥੨੩॥
(ਗਉੜੀ ਸੁਖਮਨੀ ਮ: ੫, ਪੰਨਾ ੨੯੪

ਕਹਿਣ ਦਾ ਭਾਵ ਹੈ ਕਿ ਸ੍ਰਿਸ਼ਟੀ ਦੀ ਰਚਨਾ, ਤੇ ਰਚੀ ਹੋਈ ਸ੍ਰਿਸ਼ਟੀ ਵਿਚ ਹਰ ਪ੍ਰਕਾਰ ਦੀ ਜੋ ਭੀ ਕ੍ਰਿਆ ਹੋ ਰਹੀ ਹੈ, ਉਹ ਉਸਦੇ ਹੁਕਮ ਅੰਦਰ ਹੋ ਰਹੀ ਹੈ । ਜਿਹਾ ਕਿ ਗੁਰਵਾਕ ਹੈ–

ਕਿਛੁ ਹਾਥਿ ਕਿਸੈ ਦੈ ਕਿਛੁ ਨਾਹੀ ਸਭਿ ਚਲਹਿ ਚਲਾਏ ॥ ਆਸਾ ਮ: ੪ ਛੰਤ, ਪੰਨਾ ੪੫੦
ਇਥੇ—ਨਾ ਕੋ ਮੂਰਖੁ ਨਾ ਕੋ ਸਿਆਣਾ ॥ ਵਰਤੈ ਸਭ ਕਿਛੁ ਤੇਰਾ ਭਾਣਾ ॥
ਅਗਮ ਅਗੋਚਰ ਬੇਅੰਤ ਅਥਾਹਾ, ਤੇਰੀ ਕੀਮਤਿ ਕਹਣੁ ਨ ਜਾਈ ਜੀਉ ॥੩॥੭॥੧੪॥
(ਮਾਝ ਮ: ੫, ਪੰਨਾ ੯੮



www.AKJ.Org

## ਕਰਮ ਤੇ ਹੁਕਮ :—

ਕਈ ਵਾਰ ਵਿਚਾਰ ਚਲਦੀ ਹੈ ਕਿ ਕੀ ਮਨੁਖ ਕਰਮ ਕਰਨ ਵਿਚ ਆਜ਼ਾਦ ਹੈ ? ਕੁਝ ਧਰਮ-ਚਿੰਤਕ ਮੰਨਦੇ ਹਨ ਕਿ ਮਨੁਖ ਨੂੰ ਪਰਮਾਤਮਾ ਨੇ ਅਕਲ ਦਿਤੀ ਹੈ, ਜਿਸ ਨਾਲ ਉਹ ਚੰਗੇ ਮਾੜੇ ਕਰਮਾਂ ਦੀ ਪਛਾਣ ਕਰਨ ਦੇ ਸਮਰੱਥ ਹੈ। ਇਸ ਲਈ ਉਹ ਆਜ਼ਾਦ ਹੈ। ਉਹ ਆਪਣੀ ਮਰਜ਼ੀ ਨਾਲ ਚੰਗੇ ਮੰਦੇ ਕਰਮ ਕਰਦਾ ਹੈ ਤੇ ਫਲ ਭੋਗਦਾ ਹੈ। ਅਜ ਦੇ ਵਿਦਵਾਨ ਅਤੇ ਸਾਰੇ ਫ਼ਿਲਾਸਫ਼ਰ ਇਹ ਮੰਨਦੇ ਹਨ ਕਿ ਸਾਡਾ ਵਰਤਮਾਨ ਸੁਭਾਅ ਸਾਡੀ ਆਤਮਾ ਅਥਵਾ ਮਨ ਦੇ ਪਿਛਲੇ ਜਨਮਾਂ ਦੇ ਸੰਸਕਾਰਾਂ ਦਾ ਹੀ ਫਲ ਹੁੰਦੇ ਹਨ। ਮਨੋ-ਵਿਗਿਆਨੀ ਭੀ ਇਹ ਮੰਨਦੇ ਹਨ ਕਿ ਮਨੁਖ ਦਾ ਸੁਭਾਅ ਬਹੁਤਾ ਉਸ ਦੇ ਅੰਦਰਲੇ ਸੰਸਕਾਰਾਂ ਦੇ ਆਸਰੇ ਬਣਦਾ ਹੈ, ਉਸਦੀ ਵਰਤਮਾਨ ਪੜ੍ਹਾਈ ਜਾਂ ਟਰੇਨਿੰਗ ਨਾਲ ਅਸਰ ਜ਼ਰੂਰ ਪੈਂਦਾ ਹੈ, ਪਰ ਸੰਸਕਾਰ ਕਈ ਵਾਰੀ ਪ੍ਰਬਲ ਹੋ ਜਾਂਦੇ ਹਨ ਤੇ ਬੋਧਕ ਤਰਕ ਨੂੰ ਪਿਛੇ ਛੱਡ ਕੇ ਵਿਹਾਰ ਕਰ ਜਾਂਦੇ ਹਨ। ਵਿਗਿਆਨੀਆਂ ਦਾ ਵਿਚਾਰ ਹੈ ਕਿ ਮਨੁੱਖ ਦਾ ਬੁਰਾਈ ਵਿਚ ਰੁੜ੍ਹ ਜਾਣ ਦਾ ਵੱਡਾ ਕਾਰਨ ਇਹੋ ਹੀ ਹੋ ਸਕਦਾ ਹੈ।

ਨਯਾਯ ਅਤੇ ਵੈਸ਼ੇਸ਼ਕ ਸ਼ਾਸਤਰ ਕਰਮਾਂ ਨੂੰ ਕਾਰਨ ਕਾਰਜ ਦੀ ਥਿਉਰੀ ਰਾਹੀਂ ਦੱਸਦੇ ਹਨ। ਜੈਮਨੀ ਜੀ ਪੂਰਵ ਮੀਮਾਂਸਾ ਸ਼ਾਸਤਰ ਵਿਚ ਦਸਦੇ ਹਨ ਕਿ ਕਰਮਾਂ ਵਿਚ ਇਕ ਆਟੋਮੈਟਿਕ ਸ਼ਕਤੀ ਹੈ, ਜਿਸ ਅਨੁਸਾਰ ਕਰਮ ਜਦੋਂ ਪੱਕ ਜਾਂਦੇ ਹਨ ਤਾਂ ਪੱਕੇ ਹੋਏ ਫਲ ਵਾਂਗ ਭੋਗਣਹਾਰੇ ਦੀ ਝੋਲੀ ਵਿਚ ਪੈ ਜਾਂਦੇ ਹਨ। ਖੱਟਾ ਮਿਠਾ ਉਸਦੇ ਕੀਤੇ ਕਰਮਾਂ ਅਨੁਸਾਰ ਉਸ ਨੂੰ ਮਿਲਦਾ ਹੈ। ਇਸ ਵਿਚਾਰਧਾਰਾ ਅਨੁਸਾਰ ਕਰਮਾਂ ਨੂੰ ਸਜੀਵ ਸਮਝਿਆ ਗਿਆ। ਪਰ ਗੁਰਮਤਿ ਇਸ ਨਾਲ ਸਹਿਮਤ ਨਹੀਂ—

ਕਰਣ ਕਾਰਣ ਸਮਰਥੁ ਹੈ, ਕਹੁ ਨਾਨਕ ਬੀਚਾਰਿ ॥
ਕਾਰਣੁ ਕਰਤੇ ਵਸਿ ਹੈ, ਜਿਨਿ ਕਲ ਰਖੀ ਧਾਰਿ ॥੨॥

(ਸਲੋਕ ਸਹਸਕ੍ਰਿਤੀ ਮ: ੧, ਪੰਨਾ ੧੩੫੩

ਬੋਧੀ, ਜੈਨੀ ਅਤੇ ਸਾਂਖ ਸ਼ਾਸਤ੍ਰੀ ਕਰਮ ਸਿਧਾਂਤ ਨੂੰ ਤਾਂ ਮੰਨਦੇ ਹਨ, ਪਰ ਪਰਮਾਤਮਾ ਨੂੰ ਫਲ-ਪਰਦਾਤਾ ਨਹੀਂ ਮੰਨਦੇ। ਗੁਰਮਤਿ ਦਾ ਸਿਧਾਂਤ ਹੈ ਕਿ ਕਰਮ ਆਪਣੇ ਆਪ ਵਿਚ ਆਟੋਮੈਟਿਕ ਨਹੀਂ ਹਨ, ਨਾ ਹੀ ਇਹ ਆਪਣੇ ਆਪ ਫਲ ਪੈਦਾ ਕਰਨ ਦੇ ਸਮਰੱਥ ਹਨ। ਨਿਰੰਕਾਰ ਦਾ ਹੁਕਮ ਹੀ ਇਨ੍ਹਾਂ ਵਿਚ ਫਲ ਦੇਣ ਦੀ ਸ਼ਕਤੀ ਪੈਦਾ ਕਰਦਾ ਹੈ—

ਕਰਮ ਬੰਧੁ ਤੁਮ ਜੀਉ ਕਹਿਤ ਹੌ, ਕਰਮਹਿ ਕਿਨ ਜੀਉ ਦੀਨੁ ਰੇ ॥੨॥੩॥

(ਗੋਂਡ ਕਬੀਰ ਜੀ, ਪੰਨਾ ੮੭੦)

ਕਰਮ ਕੋਈ ਐਸੀ ਡਰਨ ਵਾਲੀ ਚੀਜ਼ ਨਹੀਂ, ਜਿਸ ਤੋਂ ਭਾਰਤੀ-ਚਿੰਤਕਾਂ ਨੇ ਸਾਰੀ ਲੁਕਾਈ ਨੂੰ ਸਹਿਮ ਵਿਚ ਦਬਾਇਆ ਹੋਇਆ ਹੈ। ਜੇ ਗੁਰੂ ਅਤੇ ਕਰਤਾਰ ਦੀ ਸ਼ਰਨ ਵਿਚ ਜਾ ਕੇ ਵੀ ਕਰਮ ਨਹੀਂ ਖ਼ਤਮ ਹੁੰਦੇ, ਜਾਂ ਬੰਦੇ ਦਾ ਖਹਿੜਾ ਨਹੀਂ ਛਡਦੇ ਤਾਂ ਫਿਰ ਉਹਨਾਂ ਦੀ ਸ਼ਰਨ ਵਿਚ ਜਾਣ ਦਾ ਕੀ ਲਾਭ ? ਭਗਤ ਸਧਨਾ ਜੀ ਦੀ ਇਸ ਵਿਚਾਰ ਨੂੰ ਗੁਰਮਤਿ-ਸਿਧਾਂਤ ਅਨੁਕੂਲ ਮੰਨ ਕੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ ਗਿਆ ਹੈ :—

ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ ॥
ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ ॥੧॥ਰਹਾਉ॥

(ਬਿਲਾਵਲੁ ਸਧਨਾ ਜੀ, ਪੰਨਾ ੮੫੮)

ਫਿਰ :— ਜੋ ਜਨ ਪਾਰਬ੍ਰਹਮਿ ਅਪੁਨੇ ਕੀਨੇ, ਤਿਨ ਕਾ ਬਾਹੁਰਿ ਕਛੁ ਨ ਬੀਚਾਰੇ ॥੨॥੧੧॥੩੦॥

(ਟੋਡੀ ਮਹਲਾ ੫, ਪੰਨਾ ੭੧੮)

ਪੁਨ :— ਜਿਨ ਕਉ ਕ੍ਰਿਪਾ ਕਰੀ ਮੇਰੈ ਠਾਕੁਰਿ, ਤਿਨ ਕਾ ਲੇਖਾ ਨ ਗਣਿਆ ॥ (ਵਡਹੰਸ ਮ: ੫, ਪੰਨਾ ੫੭੭



www.AKJ.Org

ਉਪਰੋਕਤ ਗੁਰ-ਪ੍ਰਮਾਣਾਂ ਤੋਂ ਸਪੱਸ਼ਟ ਹੁੰਦਾ ਹੈ ਤੇ ਮਨ ਵਿਚ ਇਹ ਧਰਵਾਸ ਬਝਦਾ ਹੈ ਕਿ ਕਰਮ ਮਨੁਖ ਲਈ ਐਵੇਂ ਹਊਆ ਜਿਹਾ ਬਨਿਆ ਹੋਇਆ ਹੈ। ਜੋ ਕੁਝ ਹੋ ਰਿਹਾ ਹੈ, ਉਹ ਸਭ ਅਕਾਲ ਪੁਰਖ ਜੀ ਦੇ ਹੁਕਮ ਅੰਦਰ ਹੀ ਹੋ ਰਿਹਾ ਹੈ। ਹੁਕਮ ਨੂੰ ਇਸ ਵਿਸ਼ਾਲ ਸੰਦਰਭ ਵਿਚ ਵੇਖਿਆਂ ਹੀ ਉਸਦੀ ਮਹਾਨਤਾ ਸਮਝ ਆਉਂਦੀ ਹੈ। ਸਵਾਲ ਤਾਂ ਇਹੋ ਹੀ ਹੈ ਕਿ ਮਨੁਖ ਜਦੋਂ ਤਕ ਇਹ ਸਮਝਦਾ ਹੈ ਕਿ ਕਰਮ ਚੰਗੇ ਮੰਦੇ ਮੈਂ ਹੀ ਕਰਦਾ ਹੈ, ਉਦੋਂ ਤਕ ਉਹ ਕਰਮ ਕਰਨ ਵਿਚ ਆਪਣੇ ਆਪ ਨੂੰ ਸੁਤੰਤਰ ਮੰਨਦਾ ਹੈ–

ਜਬ ਇਹ ਜਾਨੈ ਮੈ ਕਿਛੁ ਕਰਤਾ ॥ ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥੪॥੧੨॥

(ਗਉੜੀ ਸੁਖਮਨੀ ਮ: ੫, ਪੰਨਾ ੨੭੮)

ਪਰ ਜਗਿਆਸਾ ਵਿਚ ਇਕ ਅਜਿਹਾ ਪੜਾਅ ਭੀ ਆਉਂਦਾ ਹੈ ਜਦੋਂ ਨਿਰੰਕਾਰ ਦੇ ਸਰਬ-ਵਿਆਪੀ ਹੁਕਮ ਦੀ ਖੇਡ ਦੀ ਸਮਝ ਆ ਜਾਂਦੀ ਹੈ :–"ਕਿਛੁ ਹਾਥਿ ਕਿਸੈ ਦੈ ਕਿਛੁ ਨਾਹੀ ਸਭ ਚਲਹਿ ਚਲਾਏ।" ਸਭ ਉਸਦੇ ਹੁਕਮ ਦੇ ਚਲਾਏ ਹੋਏ ਚਲਦੇ ਦਿਸਣ ਲਗ ਪੈਂਦੇ ਹਨ। ਕਰਮਾਂ ਦੇ ਸੁਖ ਦੁਖ ਉਸਦੀ ਆਗਿਆ ਵਿਚ ਹੀ ਦਿਸਦੇ ਹਨ :–

ਸੁਖੁ ਦੂਖੁ ਤੇਰੀ ਆਗਿਆ ਪਿਆਰੇ ਦੂਜੀ ਨਾਹੀ ਜਾਇ ॥੩॥

(ਆਸਾ ਮ: ੫, ਪੰਨਾ ੪੩੨)

ਅਤੇ ਇਹ ਸੁਖ ਦੁਖ ਭੀ ਉਸਦੇ ਹੁਕਮ ਦੀ ਬਖਸ਼ਸ਼ ਵਿਚੋਂ ਦਾਤ ਭਾਸਦੀ ਹੈ।

ਕੇਤਿਆ ਦੂਖ ਭੂਖ ਸਦ ਮਾਰ ॥ ਏਹਿ ਭਿ ਦਾਤਿ ਤੇਰੀ ਦਾਤਾਰ ॥੨੫॥ (ਜਪੁਜੀ, ਪੰਨਾ ੫

ਪਰ ਇਥੇ ਇਕ ਚਿਤਾਵਨੀ ਦੇਣੀ ਜ਼ਰੂਰੀ ਹੈ। ਹੁਕਮ ਦੀ ਇਸ ਅੰਤਮ ਅਵਸਥਾ ਤੋਂ ਪਹਿਲਾਂ ਜੇ ਕੋਈ ਮੰਦ-ਕਰਮੀ ਆਪਣੇ ਮੰਦ-ਕਰਮਾਂ ਨੂੰ ਉਚਿਤ ਦਸਣ ਲਈ ਕਹੀ ਜਾਏ :—

ਕਰਨ ਕਰਾਵਨ ਆਪੇ ਆਪਿ ॥੫॥੧੨॥ (ਗਉੜੀ ਸੁਖਮਨੀ ਮ: ੫, ਪੰਨਾ ੨੭੯)

ਤਾਂ ਉਸਨੂੰ ਚਿਤਾਵਨੀ ਦੇਣਾ ਹੀ ਉਚਿਤ ਹੋਵੇਗਾ ਕਿ ਹੈ ਤਾਂ ਇਹ ਸਭ ਹੁਕਮ ਅੰਦਰ ਹੀ, ਪਰ ਫਿਰ ਭੀ ਉਸਨੂੰ ਜਾਣ ਬੁਝ ਕੇ ਬੁਰੇ ਕੰਮਾਂ ਵਿਚ ਨਹੀਂ ਫਸਣਾ ਚਾਹੀਦਾ। ਸਤਿਸੰਗਤ ਕਰਨਾ, ਸਤਪੁਰਖਾਂ ਦੇ ਦਰਸ਼ਨ ਮੇਲੇ ਕਰਨ ਨਾਲ ਮਨ ਦੀ ਮੈਲ ਕਟੀ ਜਾਂਦੀ ਹੈ। ਜਿਹਾ ਕਿ ਗੁਰਵਾਕ ਹੈ–

ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥ ਮਨ ਕੀ ਕਟੀਐ ਮੈਲੁ ਸਾਧ ਸੰਗਿ ਵੁਠਿਆ ॥੯॥

(ਗੂਜਰੀ ਕੀ ਵਾਰ ਮ: ੫, ਪੰਨਾ ੫੨੦)

## ਹੁਕਮ ਅਤੇ ਹਉਮੈ–

ਭਾਰਤੀ-ਚਿੰਤਕਾਂ ਨੇ ਇਸ ਰਚਨਾ ਅੰਦਰ ਪੁਰਖ ਅਤੇ ਪ੍ਰਕ੍ਰਿਤੀ ਤਾਂ ਮੰਨੇ ਹਨ, ਅਤੇ ਪੁਰਖ ਭੀ ਅਨੇਕ ਮੰਨੇ ਹਨ। ਪਰ ਇਹ ਭੇਦ ਉਹ ਨਹੀਂ ਖੋਲ੍ਹਦੇ ਕਿ ਪੁਰਖ ਪ੍ਰਕ੍ਰਿਤੀ ਵਿਚ ਫਸਿਆ ਕਿਵੇਂ ? ਇਸ ਲਈ ਗੁਰੂ ਸਾਹਿਬ ਇਹ ਸਵਾਲ ਪੁਛਦੇ ਹਨ–

ਜਬ ਕਛੁ ਨ ਸੀਓ ਤਬ ਕਿਆ ਕਰਤਾ, ਕਵਨ ਕਰਮ ਕਰਿ ਆਇਆ ॥
ਅਪਨਾ ਖੇਲੁ ਆਪਿ ਕਰਿ ਦੇਖੈ, ਠਾਕੁਰਿ ਰਚਨੁ ਰਚਾਇਆ ॥੧॥੬॥੫੩॥

(ਸੂਹੀ ਮ: ੫, ਪੰਨਾ ੭੪੮)

ਤੇ ਉਤਰ ਭੀ ਆਪੇ ਹੀ ਦਿੰਦੇ ਹਨ ਕਿ ਇਹ ਤਾਂ ਉਸ ਦਾ ਆਪਣਾ ਹੀ ਖੇਲ ਹੈ। ਰਚਨਾ ਦੀ ਬਣਤਰ ਹੀ ਇੰਜ ਬਣਾਈ ਹੈ। ਗੁਰਵਾਕ ਹੈ :—

'ਹਉਮੈ ਕਰਿ ਕਰਿ ਜੰਤ ਉਪਾਇਆ ॥' ੧॥੭॥ (ਆਸਾ ਕੀ ਵਾਰ ਮ: ੧, ਪੰਨਾ ੪੬੬


www.AKJ.Org

ਸਵਾਲ ਪੈਦਾ ਹੁੰਦਾ ਹੈ ਕਿ ਹਉਮੈ ਕੀ ਹੈ ? ਉਤਰ ਦਿੰਦੇ ਹਨ—

ਹਉਮੈ ਏਹੋ ਹੁਕਮੁ ਹੈ, ਪਇਐ ਕਿਰਤਿ ਫਿਰਾਹਿ ॥੨॥੭॥

(ਆਸਾ ਕੀ ਵਾਰ ਮ: ੧, ਪੰਨਾ ੪੬੬)

ਹਉਮੈ ਰੋਗੁ ਮਾਨੁਖ ਕਉ ਦੀਨਾ ॥......

ਪਾਰਬ੍ਰਹਮਿ ਜਿਸੁ ਕੀਨੀ ਦਇਆ ॥ ਬਾਹ ਪਕੜਿ ਰੋਗਹੁ ਕਢਿ ਲਇਆ ॥੪॥੭॥੨੦॥

(ਭੈਰਉ ਮ: ੫, ਪੰਨਾ ੧੧੪੦-੪੧)

ਇਸੇ ਹਉਮੈ ਨੇ ਹਰ ਮਨੁਖ ਨੂੰ ਵਖ ਵਖ ਹਸਤੀ ਪ੍ਰਦਾਨ ਕੀਤੀ ਹੋਈ ਹੈ—

ਹਉਮੈ ਏਹਾ ਜਾਤਿ ਹੈ, ਹਉਮੈ ਕਰਮ ਕਮਾਹਿ ॥

ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥੨॥੭॥

(ਵਾਰ ਆਸਾ ਮ: ੧, ਪੰਨਾ ੪੬੬)

ਕਾਇਆ ਅੰਦਰਿ ਹਉਮੈ ਮੇਰਾ ॥ ਜੰਮਣ ਮਰਣੁ ਨ ਚੂਕੈ ਫੇਰਾ ॥

ਗੁਰਮੁਖਿ ਹੋਵੈ ਸੁ ਹਉਮੈ ਮਾਰੇ, ਸਚੋ ਸਚੁ ਧਿਆਵਣਿਆ ॥੩॥੨੭॥੨੮॥

(ਮਾਝ ਮ: ੩ ਅਸਟਪਦੀਆ, ਪੰਨਾ ੧੨੬)

ਗੱਲ ਇਹ ਹੈ ਕਿ ਹਰ ਮਨੁਖ ਨੂੰ ਨਿਰੰਕਾਰ ਨੇ ਆਪਣੇ ਹੁਕਮ ਅਨੁਸਾਰ ਸ਼ਖਸੀਅਤ ਦਾ ਇਕ ਵਖਰਾ ਯੂਨਿਟ ਜਾਂ ਕੇਂਦਰ ਬਣਾ ਦਿਤਾ ਹੈ, ਜੋ ਆਪਣੇ ਆਲੇ ਦੁਆਲੇ ਅਨੁਕੂਲ ਕੁਝ ਕ੍ਰਿਆ ਕਰਦਾ ਹੈ, ਜਿਸ ਤੋਂ ਉਸ ਦਾ ਤਜਰਬਾ ਬਣਦਾ ਹੈ। ਇਉਂ ਕਰਮ ਦਾ ਚੱਕਰ ਚਲ ਪੈਂਦਾ ਹੈ। ਆਪਾ ਭਾਵ ਜਾਂ 'ਮੈਂ ਹਾਂ' ਦਾ ਦੇਹ ਅਧਿਆਸ ਜਿਉਂ ਜਿਉਂ ਦ੍ਰਿੜ੍ਹ ਹੁੰਦਾ ਹੈ ਤਿਉਂ ਤਿਉਂ ਕਰਤੇ ਦੀ ਹੋਂਦ ਤੋਂ ਮਨੁਖ ਮੁਨਕਰ ਹੁੰਦਾ ਜਾਂਦਾ ਹੈ। ਇਸ ਨੂੰ ਗੁਰਮਤਿ ਵਿਚ 'ਦੂਜਾ ਭਾਉ' ਆਖਦੇ ਹਨ। ਜਿਉਂ ਜਿਉਂ ਦੂਜੇ ਭਾਉ ਦੀ ਬਿਰਤੀ ਪੱਕੀ ਹੁੰਦੀ ਹੈ ਤਿਉਂ ਤਿਉਂ ਮਨੁਖ ਵਿਚੋਂ ਮਨੁਖੀ ਤੱਤ ਖ਼ਤਮ ਹੁੰਦੇ ਜਾਂਦੇ ਹਨ। ਵਹਿਸ਼ੀ ਤੱਤ, ਪਸ਼ੂ ਬਿਰਤੀ ਉਸਦੀ ਥਾਂ ਆ ਜਾਂਦੀ ਹੈ। ਮਨੁਖ ਪਸ਼ੂ ਹੋ ਜਾਂਦਾ ਹੈ—

ਹਉ ਹਉ ਕਰਮ ਕਮਾਣੇ ॥ ਤੇਤੇ ਬੰਧ ਗਲਾਣੇ ॥

ਮੇਰੀ ਮੇਰੀ ਧਾਰੀ ॥ ਓਹਾ ਪੈਰਿ ਲੋਹਾਰੀ ॥੩॥੧॥੧੭॥ (ਮਾਰੂ ਮ: ੫, ਪੰਨਾ ੧੦੦੪)

ਫਿਰਿ :—ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ ॥੬॥੯॥੩੧॥ (ਆਸਾ ਮ: ੩, ਪੰਨਾ ੪੨੭)

ਪਰ ਨਿਰਾਸ਼ਾ ਵਿਚ ਡੁਬ ਜਾਣਾ ਗੁਰਮਤਿ ਨਹੀਂ ਸਿਖਾਂਦੀ। ਗੁਰਮਤਿ ਆਸ਼ਾਵਾਦੀ ਹੈ। ਹਉਮੈ ਉਸ ਦੇ ਹੁਕਮ ਅੰਦਰ ਹੀ ਮਨੁਖ ਨੂੰ ਲਗਦੀ ਹੈ ਅਤੇ ਉਤਰਦੀ ਭੀ ਉਸਦੇ ਹੁਕਮ ਨਾਲ ਹੀ ਹੈ। ਇਸ ਲਈ ਲੇਖ ਦੇ ਅਰੰਭ ਵਿਚ ਸੰਕੇਤ ਦਿਤਾ ਗਿਆ ਸੀ ਕਿ ਗੁਰਮਤਿ ਦਾ ਧੁਰਾ 'ਹੁਕਮ' ਹੈ। ਸ੍ਰੀ ਅਕਾਲ ਜੀ ਤੇ ਉਸਦਾ ਹੁਕਮ ਸਰਬ-ਵਿਆਪੀ ਹੈ। ਹਉਮੈ ਟੁਟਦੀ ਹੀ ਉਸਦੇ ਹੁਕਮ ਨਾਲ ਹੈ।

ਨਾਨਕ ਹੁਕਮੈ ਜੇ ਬੁਝੇ, ਤ ਹਉਮੈ ਕਹੈ ਨ ਕੋਇ ॥੨॥ (ਜਪੁਜੀ, ਪੰਨਾ ੧)

ਸ੍ਰੀ ਗੁਰੂ ਅਮਰਦਾਸ ਜੀ ਵਡਹੰਸ ਰਾਗ ਵਿਚ ਫੁਰਮਾਉਂਦੇ ਹਨ :—

ਹਉਮੈ ਸਭੁ ਸਰੀਰੁ ਹੈ, ਹਉਮੈ ਓਪਤਿ ਹੋਇ ॥

ਹਉਮੈ ਵਡਾ ਗੁਬਾਰੁ ਹੈ, ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥

ਹਉਮੈ ਵਿਚਿ ਭਗਤਿ ਨ ਹੋਵਈ, ਹੁਕਮੁ ਨ ਬੁਝਿਆ ਜਾਇ ॥

ਹਉਮੈ ਵਿਚਿ ਜੀਉ ਬੰਧੁ ਹੈ, ਨਾਮੁ ਨ ਵਸੈ ਮਨਿ ਆਇ ॥੩॥

ਨਾਨਕ ਸਤਿਗੁਰਿ ਮਿਲਿਐ ਹਉਮੈ ਗਈ, ਤਾ ਸਚੁ ਵਸਿਆ ਮਨਿ ਆਇ ॥



www.AKJ.Org

ਸਚੁ ਕਮਾਵੈ, ਸਚਿ ਰਹੈ, ਸਚੇ ਸੇਵਿ ਸਮਾਇ ।।੪।।੯੫।। (ਵਡਹੰਸ ਮ: ੩, ਪੰਨਾ ੫੬੦

ਇਉਂ ਹਉਮੈ ਦਾ ਵਿਚਾਰ ਭਾਰਤੀ ਧਰਮ-ਚਿੰਤਨ ਵਿਚ ਨਵੀਨ ਜਾਪਦਾ ਹੈ। ਪੁਰਾਤਨ ਭਾਰਤੀ ਰਿਸ਼ੀਆਂ ਮੁਨੀਆਂ ਸਿੱਧਾਂ ਨਾਥਾਂ ਜੋਗੀਆਂ ਜਾਂ ਪੀਰਾਂ ਫਕੀਰਾਂ (ਜੋ ਧਾਰਮਕ-ਖੇਤਰ ਵਿਚ ਆਗੂ ਮੰਨੇ ਜਾਂਦੇ ਸਨ) ਵਿਚ ਹਉਮੈ ਬੜੇ ਅਸਥੂਲ ਰੂਪ ਵਿਚ ਨਜ਼ਰੀਂ ਪੈਂਦੀ ਹੈ। ਜ਼ਰਾ ਕੁ ਸਿੱਧੀ ਪ੍ਰਾਪਤ ਕਰ ਕੇ ਇਹਨਾਂ ਦਾ ਵੱਡਾ ਮਨੋਰਥ ਲੋਕਾਂ ਨੂੰ ਕਰਾਮਾਤਾਂ ਦਿਖਾ ਕੇ ਡਰਾਉਣ ਧਮਕਾਉਣ ਜਾਂ ਵਰ ਸਰਾਪ ਦੇਣ ਤਕ ਸੀਮਿਤ ਰਿਹਾ ਹੈ। ਫੁਰਮਾਨ ਹੈ :—

ਬ੍ਰਹਮੈ ਗਰਬੁ ਕੀਆ ਨਹੀ ਜਾਨਿਆ ॥ ਬੇਦ ਕੀ ਬਿਪਤਿ ਪੜੀ ਪਛੁਤਾਨਿਆ ।।੧।।੯।।
(ਗਉੜੀ ਮ: ੧, ਪੰਨਾ ੨੨੪)

ਕਬੀਰ ਮਾਇਆ ਤਜੀ ਤ ਕਿਆ ਭਇਆ,ਜਉ ਮਾਨੁ ਤਜਿਆ ਨਹੀ ਜਾਇ ॥
ਮਾਨ ਮੁਨੀ ਮੁਨਿਵਰ ਗਲੇ, ਮਾਨੁ ਸਭੈ ਕਉ ਖਾਇ ।।੧੫੬।।
(ਸਲੋਕ ਕਬੀਰ ਜੀ, ਪੰਨਾ ੧੩੭੨

ਸਿਧ ਗੋਸਟ ਵਿਚ ਸ੍ਰੀ ਗੁਰੂ ਜੀ ਸਿਧਾਂ ਨੂੰ ਇਹੋ ਤਾਕੀਦ ਕਰਦੇ ਹਨ—

ਹਉ ਹਉ ਮੈ ਮੈ ਵਿਚਹੁ ਖੋਵੈ ॥ ਦੂਜਾ ਮੇਟੈ ਏਕੋ ਹੋਵੈ ।।੪੬।।
(ਰਾਮਕਲੀ ਮ: ੧, ਪੰਨਾ ੯੪੩)

ਸਤਿਗੁਰੂ ਸਾਹਿਬ ਨੇ ਹਉਮੈ ਵੱਲ ਸੰਕੇਤ ਕਰਕੇ ਭਾਰਤੀ ਧਰਮ ਦਰਸ਼ਨ ਨੂੰ ਇਕ ਨਵੀਂ ਸੇਧ ਬਖਸ਼ੀ ਹੈ।

---

# ਪਰਦੇਸੀ ਵੀਰਾਂ ਦੀ ਸੇਵਾ ਵਿਚ ਬੇਨਤੀ

ਪਹਿਲੀ ਫ਼ਰਵਰੀ ੧੯੮੪ ਤੋਂ ਪਰਦੇਸਾਂ ਲਈ ਡਾਕ ਖ਼ਰਚ ਵਿਚ ਸਰਕਾਰ ਨੇ ਬਹੁਤ ਸਾਰਾ ਵਾਧਾ ਕਰ ਦਿਤਾ ਹੈ। ਇਕ ਤਾਂ ਕਰਫ਼ਿਉ ਕਾਰਨ ਪ੍ਰੈਸ ਬੰਦ ਰਹਿਣ ਕਰਕੇ ਪਰਚਾ ਲੇਟ ਹੋ ਗਿਆ, ਦੂਜੇ ਦਿਲੀ ਤੋਂ ਕਈ ਦਿਨਾਂ ਬਾਅਦ ਪਰਦੇਸੀ ਪਰਚੇ, ਹੋਰ ਵਾਧੂ ਟਿਕਟਾਂ ਲਾਉਣ ਲਈ, ਸਾਨੂੰ ਵਾਪਸ ਭੇਜੇ ਜਾਣ ਕਾਰਨ ਮਾਰਚ ਦਾ ਪਰਚਾ ਹੋਰ ਲੇਟ ਹੋ ਗਿਆ। ਇਸ ਮਜਬੂਰੀ ਦੇਰੀ ਲਈ ਅਸੀਂ ਪਰਦੇਸੀ ਵੀਰਾਂ ਤੋਂ ਖਿਮਾ ਦੇ ਜਾਚਕ ਹਾਂ। ਅਸੀਂ ਪਰਦੇਸੀ ਚੰਦੇ ਵਧਾਉਣੇ ਨਹੀਂ ਸਾਂ ਚਾਹੁੰਦੇ, ਪਰ ਅਚਨਚੇਤ ਡਾਕ ਖ਼ਰਚ ਦਾ ਬਹੁਤਾ ਬੋਝ ਪੈ ਜਾਣ ਕਰਕੇ, ਮਜਬੂਰਨ ਹੇਠ ਲਿਖੇ ਅਨੁਸਾਰ ਰੇਟ ਵਧਾ ਦਿਤੇ ਗਏ ਹਨ—

**ਸਮੁੰਦਰੀ ਡਾਕ**— ਚੰਦਾ ਸਭ ਦੇਸਾਂ ਲਈ 35-0 ਸਾਲ, ਅਮਾਨਤੀ ਲਾਈਫ਼ ਮੈਂਬਰ 350-00
**ਹਵਾਈ ਡਾਕ**—ਚੰਦਾ ਅਰਬ, ਮਲਾਇਆ ਆਦਿ 55-00, ਯੂ. ਕੇ. ਅਫ਼ਰੀਕਾ 75-00 ਅਤੇ ਕੈਨੇਡਾ ਅਮਰੀਕਾ 90-00 ਸਾਲ
**ਅਮਾਨਤੀ ਲਾਈਫ਼ ਮੈਂਬਰ :-** ,, 550-00 ,, 750-00 ,, ,, 900-00 ਰੁਪਏ

ਜਿਨ੍ਹਾਂ ਸਜਣਾਂ ਦੀਆਂ ਪਹਿਲਾਂ ਅਮਾਨਤੀ ਲਾਈਫ਼ ਮੈਂਬਰੀ ਦੀਆਂ ਰਕਮਾਂ ਬੈਂਕ ਵਿਚ ਜਮ੍ਹਾ ਹਨ, ਉਹ ਸਜਣ ਵੀ ਇਸ ਵਾਧੇ ਅਨੁਸਾਰ ਬਾਕੀ ਰਕਮ ਹੋਰ ਭੇਜ ਦੇਣ ਦੀ ਕਿਰਪਾਲਤਾ ਕਰਨ, ਤਾਂਕਿ ਉਹ ਰਕਮ ਬੈਂਕ ਵਿਚ ਜਮ੍ਹਾ ਹੋ ਕੇ, ਉਸਦੇ ਸੂਦ ਨਾਲ ਡਾਕ ਦਾ ਵਾਧੂ ਖ਼ਰਚ ਪੂਰਾ ਕੀਤਾ ਜਾ ਸਕੇ।

ਦਾਸ—ਮੈਨੇਜਰ 'ਸੂਰਾ' ਅੰਮ੍ਰਿਤਸਰ

---

**ਪਾਠਕ ਜੀ**—ਸਦਾ ਚਿੱਠੀ ਪੱਤਰ ਕਰਦਿਆਂ ਅਤੇ ਰਕਮ ਭੇਜਦਿਆਂ ਆਪਣਾ ਚਿੱਟ ਨੰਬਰ ਜ਼ਰੂਰ ਜ਼ਰੂਰ ਲਿਖੋ। ਹਰ ਮਹੀਨੇ ਤੁਹਾਡੇ ਪਰਚੇ ਉਤੇ ਤੁਹਾਡੇ ਐਡਰੈਸ ਤੋਂ ਪਹਿਲਾਂ ਚਿਟ ਨੰਬਰ ਅਸੀਂ ਲਿਖ ਕੇ ਭੇਜਦੇ ਹਾਂ ਜੀ।


www.AKJ.Org

# ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ

## ਨਾਨਕ ਜੋਰੁ ਗੋਵਿੰਦ ਕਾ ਪੂਰਨ ਗੁਣਤਾਸਿ (੮੧੯)

(ਭਾਈ ਬਲਵੰਤ ਸਿੰਘ ਜੀ ਖਾਲਸਾ, ਫ਼ੀਰੋਜ਼ਪੁਰ)

ਅਰਦਾਸ ਅਰਦਾਸ ਵਿਚ ਵੀ ਫ਼ਰਕ ਹੈ। ਜੇ ਅਰਦਾਸ ਸੱਚੇ ਦਿਲ ਨਾਲ, ਸਤਿਗੁਰੂ ਨੂੰ ਹਾਜ਼ਰ ਨਾਜਰ ਜਾਣ ਕੇ, ਪੂਰੇ ਭਰੋਸੇ ਨਾਲ ਕੀਤੀ ਜਾਏ ਤਾਂ ਜ਼ਰੂਰ ਪਰਵਾਨ ਹੁੰਦੀ ਹੈ।

(੧)

੧੯੨੩ ਜਨਵਰੀ ਫ਼ਰਵਰੀ ਦਾ ਜ਼ਿਕਰ ਹੈ ਕਿ ਮੇਰਾ ਵਡਾ ਲੜਕਾ ਧਰਮਪਾਲ ਸਿੰਘ*, ਜੋ ਉਦੋਂ ਸਾਢੇ ਸਤ ਸਾਲ ਦਾ ਸੀ, ਆਪਣੇ ਮਕਾਨ ਦੀ ਉਪਰਲੀ ਮੰਜ਼ਿਲ ਤੇ, ਬਾਹਰ ਜੰਗਲੇ ਵਿਚ ਖੜਾ ਸੀ। ਹੇਠਾਂ ਕੁਝ ਬੱਚੇ, ਖੂਹ ਦੇ ਬਾਹਰ ਥੜੇ ਤੇ ਖੇਡ ਰਹੇ ਸਨ। ਉਨ੍ਹਾਂ ਤ ਉਸ ਨੇ ਪਾਣੀ ਪਾਉਣਾ ਸ਼ੁਰੂ ਕਰ ਦਿਤਾ। ਤੇ ਜਦ ਉਸ ਨੇ ਉਛਲ ਕੇ ਪਾਣੀ ਸੁਟਿਆ ਤਦ ਉਹ ਜੰਗਲੇ ਤੋਂ ਉਪਰ ਆ ਕੇ ਹੇਠਾਂ ਡਿਗ ਪਿਆ ਅਤੇ ਥੜੇ ਦੀ ਨੁਕਰ ਤੇ ਮੱਥਾ ਵਜਿਆ, ਜਿਸ ਨਾਲ ਉਸ ਦੀ ਹੱਡੀ ਵੀ ਟੁਟ ਗਈ ਤੇ ਥੋੜਾ ਜਿਹਾ ਮਗਜ਼ ਵੀ ਦਿਸਣ ਲਗ ਆਇਆ। ਇਕ ਸਜਣ ਉਸ ਵੇਲੇ ਉਥੋਂ ਲੰਘ ਰਿਹਾ ਸੀ। ਉਸ ਨੇ ਬੱਚੇ ਨੂੰ ਚੁਕ ਲਿਆ ਅਤੇ ਨੇੜੇ ਹੀ ਇਕ ਡਾਕਟਰ ਦੀ ਦੁਕਾਨ ਤੇ ਲੈ ਗਿਆ। ਪਰ ਡਾਕਟਰ ਦੁਕਾਨ ਤੇ ਨਹੀਂ ਸੀ। ਉਹ ਉਥੋਂ ਮੁੜ ਕੇ, ਬਾਹਰ ਸਿਵਲ ਹਸਪਤਾਲ ਲੈ ਗਿਆ ਤੇ ਰਸਤੇ ਵਿਚ ਮੇਰੇ ਕੰਪੋਡਰ ਨੂੰ ਵੀ ਨਾਲ ਲੈ ਗਿਆ। ਡਾਕਟਰ ਨੇ ਲੜਕੇ ਨੂੰ ਦੇਖ ਕੇ ਕਿਹਾ ਕਿ ਇਸ ਦਾ ਇਕੋ ਇਲਾਜ ਹੋ ਸਕਦਾ ਹੈ ਕਿ ਇਸ ਦੇ ਕੇਸ ਕਟ ਕੇ ਸਿਰ ਬਰਫ਼ ਵਿਚ ਰਖਿਆ ਜਾਏ।

ਮੈਂ ਉਨ੍ਹੀਂ ਦਿਨੀਂ ਗੁਰੂ ਕੇ ਬਾਗ ਦੇ ਮੋਰਚੇ ਕਾਰਨ ਜੇਲ੍ਹ ਵਿਚ ਸਾਂ। ਮੇਰਾ ਕੰਪੋਡਰ ਘਰ ਗਿਆ ਤੇ ਉਸ ਦੀ ਮਾਂ ਨੂੰ ਦਸਿਆ। ਉਸ ਨੂੰ ਪਤਾ ਤਾਂ ਲਗ ਚੁਕਾ ਸੀ ਅਤੇ ਹਸਪਤਾਲ ਨੂੰ ਤੁਰਨ ਹੀ ਲਗੀ ਸੀ। ਜਦੋਂ ਕੰਪੋਡਰ ਨੇ ਉਸ ਨੂੰ ਡਾਕਟਰ ਦੀ ਗੱਲ ਦਸੀ ਤਾਂ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਮਰੇ ਵਿਚ ਪ੍ਰਕਾਸ਼-ਅਸਥਾਨ ਤੇ ਪੁਜੀ ਅਤੇ ਹੱਥ ਜੋੜ ਕੇ ਅਤਿ ਗਰੀਬੀ ਵਿਚ ਗੁਰੂ-ਚਰਨਾਂ ਵਿਚ ਜੋਦੜੀ ਕੀਤੀ, "ਸੱਚੇ ਪਾਤਸ਼ਾਹ! ਇਹ ਬੱਚਾ ਆਪ ਜੀ ਨੇ ਬਖ਼ਸ਼ਿਆ ਹੈ ਅਤੇ ਆਪ ਜੀ ਹੀ ਇਸ ਦੇ ਰਾਖੇ ਹੋ। ਬੇਨਤੀ ਹੈ ਜੀ, ਜੇ ਤੁਸਾਂ ਬੱਚਾ ਮੈਨੂੰ ਵਾਪਸ ਦੇਣਾ ਹੈ ਤਾਂ ਕੇਸਾਂ ਸਮੇਤ ਹੀ ਦੇਵੋ ਜੀ। ਅਤੇ ਜੇ ਤੁਸਾਂ ਇਸ ਨੂੰ ਆਪਣੇ ਪਾਸ ਬੁਲਾ ਲੈਣਾ ਹੈ ਤਾਂ ਵੀ ਕੇਸਾਂ ਸਮੇਤ ਹੀ ਆਪ ਜੀ ਪਾਸ ਪੁਜੇ।" ਇਤਨੀ ਅਰਜ਼ੋਈ ਕਰ ਕੇ ਉਹ ਮੱਥਾ ਟੇਕ ਕੇ ਬਾਹਰ ਆ ਗਈ।

ਉਹ ਦਸਦੀ ਸੀ ਕਿ ਉਸ ਵੇਲੇ ਕੋਈ ਝਲਕਾਰਾ ਦਿਸਿਆ ਤੇ ਅਵਾਜ਼ ਆਈ, "ਫ਼ਿਕਰ ਨਾ ਕਰ, ਸਤਿਗੁਰੂ ਅੰਗ ਸੰਗ ਹੈ।" ਭਾਵੇਂ ਇਹ ਅਵਾਜ਼ ਉਸ ਦੇ ਅੰਦਰੋਂ ਆਈ ਸੀ ਕਿ ਬਾਹਰੋਂ, ਮੈਂ ਨਹੀਂ ਕਹਿ ਸਕਦਾ। ਉਹ ਹਸਪਤਾਲ ਪੁਜੀ ਤਾਂ ਡਾਕਟਰਾਂ ਨੇ ਓਹੋ ਹੀ ਇਲਾਜ ਦਸਿਆ। ਸਿਵਲ ਸਰਜਨ ਅੰਗਰੇਜ਼ ਸੀ ਤੇ ਅਸਿਸਟੈਂਟ ਸਰਜਨ ਮੁਸਲਮਾਨ। ਜਦ ਉਨ੍ਹਾਂ ਨੇ ਬਹੁਤ ਮਜਬੂਰ ਕੀਤਾ ਤਾਂ ਇਸ ਨੇ ਕੰਪੋਡਰ ਨੂੰ ਕਿਹਾ ਕਿ ਬੱਚੇ ਨੂੰ ਚੁਕ ਲਵੇ, ਤੇ ਜੇ ਇਸ ਨੇ ਮਰਨਾ ਹੀ ਹੈ ਤਦ ਘਰ ਜਾ ਕੇ ਮਰੇ। ਉਸ ਵੇਲੇ ਹਸਪਤਾਲ ਵਿਚ ਕਾਫ਼ੀ ਭੀੜ ਜੁੜ ਚੁਕੀ ਸੀ ਤੇ ਸਾਰੇ ਲੋਕ ਹੈਰਾਨ ਸਨ। ਤਦ ਡਾਕਟਰਾਂ ਨੇ ਤਰਲਾ ਲਿਆ ਕਿ ਇਸ ਬੱਚੇ

---

* ਧਰਮਪਾਲ ਸਿੰਘ ਨੇ ੧੯੩੬ ਦੀਆਂ ਗਰਮੀਆਂ ਵਿਚ ਭਾ: ਸਾ: ਭਾਈ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਜਥੇ ਪਾਸੋਂ ਅੰਮ੍ਰਿਤ ਪਾਨ ਕੀਤਾ।



www.AKJ.Org

ਨੂੰ ਇਥੇ ਹੀ ਰਹਿਣ ਦਿਓ। ਅਸੀਂ ਇਕਰਾਰ ਕਰਦੇ ਹਾਂ ਕਿ ਇਸ ਦੇ ਇਕ ਰੋਮ ਨੂੰ ਵੀ ਨਹੀਂ ਛੇੜਾਂਗੇ। ਆਪਣੇ ਵਲੋਂ ਜੋ ਕਰ ਸਕਦੇ ਹੋਵਾਂਗੇ, ਕਰਾਂਗੇ। ਹਸਪਤਾਲ ਵਿਚ ਪਿਆਂ ਬੱਚੇ ਨੂੰ ਦਸਵੇਂ ਦਿਨ ਹੋਸ਼ ਆਈ ਅਤੇ ਹੌਲੀ ਹੌਲੀ ਤੰਦਰੁਸਤ ਹੋ ਕੇ ਉਹ ਘਰ ਪੁਜਾ*। (੨)

ਜੁਲਾਈ ੧੯੩੬ ਦੀ ਗੱਲ ਹੈ। ਮੇਰੀ ਤਬੀਅਤ ਠੀਕ ਨਹੀਂ ਸੀ। ਕਿਧਰੇ ਦਰਦ ਜਾਂ ਬੁਖ਼ਾਰ ਨਹੀਂ ਸੀ। ਸੁਸਤੀ ਬਹੁਤ ਸੀ, ਕੋਈ ਕੰਮ ਕਰਨ ਨੂੰ ਦਿਲ ਨਹੀਂ ਸੀ ਕਰਦਾ ਅਤੇ ਜੇ ਬੈਠਾ ਹੋਵਾਂ ਤਾਂ ਉਠਣ ਨੂੰ ਜੀਅ ਨਹੀਂ ਸੀ ਕਰਦਾ। ਇਕ ਦਿਨ ਦੁਪਹਿਰ ਨੂੰ ਲੇਟਿਆਂ ਮੈਂ ਆਪਣੇ ਪੇਟ ਨੂੰ ਟਟੋਲ ਰਿਹਾ ਸਾਂ ਤਾਂ ਮੈਨੂੰ ਸੱਜੇ ਪਾਸੇ ਕੋਈ ਸਖ਼ਤ ਜਿਹੀ ਚੀਜ਼ ਪ੍ਰਤੀਤ ਹੋਈ। ਉਸੇ ਵੇਲੇ ਮੈਂ ਨੇੜੇ ਰਹਿੰਦੇ ਇਕ ਡਾਕਟਰ ਨੂੰ ਬੁਲਾ ਭੇਜਿਆ, ਤਾਂ ਜੁ ਰੋਗ ਦਾ ਪਤਾ ਲਗ ਸਕੇ। ਡਾਕਟਰ ਆਇਆ ਤੇ ਦੇਖ-ਦਾਖ ਕੇ ਕਹਿਣ ਲਗਾ ਕਿ ਤੇਰਾ ਜਿਗਰ ਛੇ ਇੰਚ ਵਧ ਗਿਆ ਹੈ। ਮੈਂ ਹੈਰਾਨ ਸਾਂ ਕਿ ਇਤਨਾ ਜਿਗਰ ਵਧਿਆ ਹੋਵੇ ਤੇ ਨਾ ਦਰਦ ਤੇ ਨਾ ਹੀ ਬੁਖ਼ਾਰ ਹੋਵੇ। ਪਰ ਮੈਨੂੰ ਕੁਝ ਸਮਝ ਨਾ ਆਈ।

ਕੁਝ ਦਿਨਾਂ ਬਾਅਦ, ਅਗਸਤ ਦੇ ਸ਼ੁਰੂ ਵਿਚ, ਮੈਨੂੰ ਕਿਸੇ ਕੰਮ ਲਈ ਲਾਹੌਰ ਜਾਣਾ ਪੈ ਗਿਆ। ਡਾਕਟਰ ਨਿਹਾਲ ਚੰਦ ਸੀਕਰੀ ਨਾਲ ਮੇਰੀ ਕਾਫੀ ਨੇੜਤਾ ਸੀ। ਕੰਮ ਤੋਂ ਵੇਹਲਾ ਹੋ ਕੇ ਮੈਂ ਉਸ ਨੂੰ ਜਾ ਦਿਖਾਇਆ ਤਾਂ ਉਸ ਨੇ ਵੀ ਇਹੋ ਦਸਿਆ ਕਿ ਤੇਰਾ ਪਿੱਤਾ ਬਹੁਤ ਵਧ ਗਿਆ ਹੈ। ਉਸ ਨੇ ਮੈਨੂੰ ਨੁਸਖ਼ਾ ਲਿਖ ਦਿਤਾ, ਪਰ ਮੈਨੂੰ ਤਸੱਲੀ ਨਾ ਹੋਈ ਕਿ ਇਸ ਨਾਲ ਇਹ ਠੀਕ ਹੋ ਜਾਏਗਾ। ਉਥੋਂ ਉਠ ਕੇ ਮੈਂ ਟਾਂਗੇ ਤੇ ਜਾ ਰਿਹਾ ਸਾਂ ਕਿ ਟਾਂਗਾ 'ਮਿਓ ਹਸਪਤਾਲ' ਦੇ ਸਾਹਮਣਿਓਂ ਲੰਘਿਆ। ਮੈਂ ਟਾਂਗੇ ਵਾਲੇ ਨੂੰ ਕਿਹਾ ਕਿ ਹਸਪਤਾਲ ਦੇ ਅੰਦਰ ਚਲੋ। ਮੈਨੂੰ ਖ਼ਿਆਲ ਆਇਆ ਕਿ ਡਾਕਟਰ ਰਘਬੀਰ ਸਿੰਘ ਦੀ ਸਲਾਹ ਲੈ ਲਵਾਂ। ਉਸ ਦਾ ਮੇਰੇ ਨਾਲ ਚੰਗਾ ਪਿਆਰ ਸੀ। ਮੈਂ ਉਸ ਦੇ ਦਫ਼ਤਰ ਪੁਜਾ। ਉਹ ਬੜੇ ਪਿਆਰ ਨਾਲ ਮਿਲਿਆ। ਮੈਂ ਦਸਿਆ ਕਿ ਮੈਂ ਇਸ ਵੇਲੇ ਬਤੌਰ ਮਰੀਜ਼ ਆਪ ਦੇ ਪਾਸ ਆਇਆ ਹਾਂ। ਉਸ ਨੇ ਮੇਜ਼ ਤੇ ਲਿਟਾ ਕੇ ਮੈਨੂੰ ਚੰਗੀ ਤਰ੍ਹਾਂ ਚੈੱਕ ਕੀਤਾ ਤਾਂ ਓਹੀ ਗੱਲ ਦੁਹਰਾਈ ਕਿ ਤੇਰਾ ਜਿਗਰ ਬਹੁਤ ਹੀ ਵਧ ਗਿਆ ਹੈ। ਪਰ ਇਹ ਦਸਦਿਆਂ ਉਹ ਕੁਝ ਘਬਰਾ ਗਿਆ ਤਾਂ ਮੈਂ ਕਿਹਾ, "ਘਬਰਾਣ ਦੀ ਲੋੜ ਨਹੀਂ, ਜੇ ਕੋਈ ਇਲਾਜ ਹੋ ਸਕਦਾ ਹੈ ਤਾਂ ਦਸੋ।" ਉਸ ਨੇ ਆਪਣੇ ਆਦਮੀ ਨਾਲ ਮੈਨੂੰ ਐਕਸ-ਰੇ ਰੂਮ ਵਿਚ ਭੇਜਿਆ। ਉਨ੍ਹਾਂ ਨੇ ਸਕਰੀਨਿੰਗ ਕਰ ਕੇ ਦਸਿਆ ਕਿ ਜਿਗਰ ਦਾ ਹੇਠਲਾ ਹਿੱਸਾ ਹੱਡੀ ਤੋਂ ਇਕ ਇੰਚ ਉਪਰ ਹੈ। ਮੁੜ ਡਾਕਟਰ ਨੇ ਆਪਣੇ ਅਸਿਸਟੈਂਟ ਨੂੰ ਭੇਜਿਆ ਕਿ ਪਤਾ ਕਰੇ ਕਿ ਕਰਨਲ ਮਹਾਰਾਜ਼ਕਰ ਬੀਮਾਰਾਂ ਨੂੰ ਦੇਖ ਚੁਕੇ ਹਨ ਕਿ ਨਹੀਂ। ਉਹ ਪਤਾ ਲਿਆਇਆ ਕਿ ਕਰਨਲ ਸਾਹਿਬ ਹੁਣੇ ਹੀ ਬੀਮਾਰਾਂ ਤੋਂ ਵਿਹਲੇ ਹੋ ਕੇ ਆਪਣੇ ਦਫ਼ਤਰ ਪੁਜੇ ਹਨ। ਡਾਕਟਰ ਰਘਬੀਰ ਸਿੰਘ ਨੇ ਮੈਨੂੰ ਕਰਨਲ ਸਾਹਿਬ ਪਾਸ ਉਪਰ ਭੇਜਿਆ। ਕਰਨਲ ਸਾਹਿਬ ਨੇ ਮੈਨੂੰ ਲਿਟਾ ਕੇ ਚੰਗੀ ਤਰ੍ਹਾਂ ਅੱਧਾ ਘੰਟਾ ਲਾ ਕੇ ਦੇਖਿਆ ਤੇ ਕਹਿਣ ਲਗੇ, "ਪਿੱਤਾ ਬਹੁਤ ਵਧ ਗਿਆ ਹੈ। ਉਪਰੇਸ਼ਨ ਹੋਣਾ ਜ਼ਰੂਰੀ ਹੈ। ਜੇ ਦੋ ਮਹੀਨੇ ਬਿਤਾ ਸਕੋ ਤਾਂ ਚੰਗਾ ਰਹੇਗਾ। ਅਕਤੂਬਰ ਵਿਚ ਉਪਰੇਸ਼ਨ ਕਰਵਾ ਲਓ। ਪਰ ਇਹ ਕਿਸੇ ਵੇਲੇ ਵੀ ਫਟ ਸਕਦਾ ਹੈ। ਇਸ ਲਈ ਜੇ ਕਿਤੇ ਫਟ ਜਾਵੇ ਅਤੇ ਭਾਵੇਂ ਰਾਤ ਦੇ ਬਾਰ੍ਹਾਂ ਵਜੇ ਹੋਣ ਤਾਂ ਵੀ ਫ਼ੌਰਨ ਉਸੇ ਵੇਲੇ ਲਾਹੌਰ ਪੁਜਣ ਦੀ ਕਰੋ ਅਤੇ ਨਾਲ ਹੀ ਕਿਸੇ ਨੂੰ ਕਹਿ ਦੇਵੋ ਕਿ ਲਾਹੌਰ ਹਸਪਤਾਲ ਵਿਚ ਫ਼ੋਨ ਕਰ ਦੇਵੇ, ਤਾਂ ਜੁ ਤੁਹਾਡੇ ਪੁਜਣ ਤਕ ਅਸੀਂ ਉਪਰੇਸ਼ਨ ਦਾ ਸਾਰਾ ਇੰਤਜ਼ਾਮ ਕਰ ਰਖੀਏ। ਭਾਵੇਂ ਜੋ ਕੁਝ ਸੋਚਿਆ ਹੈ, ਠੀਕ ਹੀ ਨਜ਼ਰ ਆਉਂਦਾ ਹੈ; ਫਿਰ ਵੀ ਚੰਗਾ ਹੋਵੇ ਜੇ ਪਹਿਲਾਂ ਇਸੇ ਤਰ੍ਹਾਂ ਐਕਸ-ਰੇ ਲੁਹਾਓ ਤੇ ਫਿਰ ਰੰਗ ਦੀ ਦਵਾਈ ਖਾ ਕੇ ਮੁੜ ਫ਼ੋਟੋ ਲਵੋ। ਤਾਂ ਪੂਰੀ ਤਸੱਲੀ ਹੋ ਜਾਵੇਗੀ।" ਮੈਂ ਓਵੇਂ ਹੀ ਕੀਤਾ ਅਤੇ ਪਹਿਲਾਂ ਜਿਗਰ ਤੇ ਪਿੱਤੇ ਦੀ ਐਕਸ-ਰੇ ਲੁਹਾਈ ਤੇ ਫਿਰ ਰੰਗ ਦੀ ਦੁਆਈ ਖਾ ਕੇ ਐਕਸ-ਰੇ ਕਰਵਾਈ ਤਾਂ**

* ਮੈਨੂੰ ਦੋ ਆਰੀਆ ਸਮਾਜੀ ਡਾਕਟਰਾਂ ਨੇ ਦਸਿਆ ਕਿ ਉਨ੍ਹਾਂ ਨੂੰ ਪੰਜ ਫ਼ੀ ਸਦੀ ਵੀ ਉਮੀਦ ਨਹੀਂ ਸੀ ਕਿ ਬੱਚਾ ਬਚ ਜਾਵੇਗਾ, ਪਰ ਉਸ ਦੀ ਮਾਂ ਦੇ ਸਿਦਕ ਨੇ ਉਸ ਨੂੰ ਰਾਜ਼ੀ ਕਰ ਦਿਤਾ।



www.AKJ.Org

# ਕੇਸ ਰੱਬੀ ਦਾਤਿ

[ਗਿਆਨੀ ਗੋਪਾਲ ਸਿੰਘ ਜੀ ਮਿਤਰ, ਮਾਲਬ, ਗੁੜਗਾਉਂ]

ਸੰਸਾਰ ਦੇ ਹਰ ਮਨੁੱਖ ਨੂੰ ਕੁਝ ਜਾਣਕਾਰੀ ਪ੍ਰਾਪਤ ਹੈ ਕਿ ਕੁਦਰਤ ਦੇ ਕਾਦਰ (ਅਕਾਲ ਪੁਰਖ) ਦੀ ਉਦਕਰਖ (ਪੈਦਾ ਕਰਨ ਦੀ) ਸ਼ਕਤੀ ਅਨੁਸਾਰ ਜਦੋਂ ਮਾਂ ਦੇ ਪੇਟ ਵਿਚ ਜੀਵ (ਮਨੁੱਖ) ਦੀ ਬਣਤਰ ਹੁੰਦੀ ਹੈ ਤਾਂ ਸਰੀਰ ਦੇ ਹੋਰ ਅੰਗਾਂ ਵਾਂਗੂ ਕੇਸਾਂ (ਰੋਮਾਂ, ਵਾਲਾਂ) ਦੀ ਸਾਜਨਾ ਵੀ ਨਾਲ ਹੁੰਦੀ ਹੈ ਤ ਜਦੋਂ ਬੱਚਾ ਪੂਰੇ ਸਮੇਂ ਉਪਰੰਤ ਮਾਤਾ ਦੇ ਉਦਰ ਤੋਂ ਬਾਹਰ ਆਉਂਦਾ ਹੈ ਤਾਂ ਉਸ ਦੇ ਸਿਰ ਤੇ ਵੱਡੇ ਜਾਂ ਛੋਟੇ ਕਾਲੇ ਜਾਂ ਕੱਕੇ ਛੋਟੇ ਛੋਟੇ ਕੇਸ (ਰੋਮ) ਹੁੰਦੇ ਹਨ ਤੇ ਅੱਖਾਂ ਦੀਆਂ ਪਲਕਾਂ (ਉੱਪਰ ਹੇਠ ਦੀਆਂ) ਤੇ ਭਰਵੱਟਿਆਂ ਉਤੇ ਨਿਕੇ ਨਿਕੇ ਕਾਲੇ ਵਾਲ ਨਜ਼ਰ ਆਉਂਦੇ ਹਨ, ਹੋਰ ਕਿਸੇ ਵੀ ਅੰਗ ਤੇ ਵਾਲ ਨਹੀਂ ਹੁੰਦੇ। ਵਧਦੀ ਆਯੂ ਅਨੁਸਾਰ ਬੱਚਾ ਜਦੋਂ ਬਾਲਪਨ ਦੀ ਅਵਸਥਾ ਲੰਘ ਕੇ ਜੁਆਨੀ ਵਿਚ ਪੈਰ ਰਖਦਾ ਹੈ ਤਾਂ ਉਸ ਦੇ ਹੋਰ ਅੰਗਾਂ ਉੱਤੇ ਰੋਮ (ਕੇਸ) ਉਗਣੇ ਸ਼ੁਰੂ ਹੋ ਜਾਂਦੇ ਹਨ ਤੇ ਚੇਹਰੇ (ਮੂੰਹ) ਉੱਪਰ ਦਾੜ੍ਹੀ ਵੀ ਯੁਵਾ ਅਵਸਥਾ ਸਮੇਂ ਆਉਂਦੀ ਦਿੱਸਣ ਲਗਦੀ ਹੈ ਤੇ ਜਿਉਂ ਜਿਉਂ ਆਯੂ ਵਧਦੀ ਹੈ, ਕੇਸ (ਸਿਰ ਦੇ ਵਾਲ, ਦਾੜ੍ਹੀ ਤੇ ਹੋਰ ਅੰਗਾਂ ਦੇ ਰੋਮ) ਵਧਦੇ ਜਾਂਦੇ ਹਨ ਤੇ ਅੰਤਲੇ ਸੁਆਸਾਂ ਤਕ ਸਾਥੀ ਰਹਿੰਦੇ ਹਨ।

ਅਕਾਲ ਪੁਰਖ ਨੇ ਮਨੁੱਖੀ ਸਰੀਰ ਦੀ ਕੋਈ ਵੀ ਬਣਤਰ ਅਜਿਹੀ ਨਹੀਂ ਕੀਤੀ ਜੋ ਲਾਭਹੀਨ ਹੋਵੇ। ਸਾਰੇ ਅੰਗਾਂ ਵਿਚੋਂ ਕੇਸ (ਵਾਲ) ਵੱਧ ਮਹੱਤਤਾ ਰਖਦੇ ਹਨ। ਕੁਦਰਤ ਦੀ ਦਾਤ, ਇਹ ਕੇਸ ਆਯੂ ਦੇ ਲਿਹਾਜ਼ ਨਾਲ ਬਚਪਨ ਵਿਚ ਹਲਕੇ ਸਿਆਹੀ ਮਾਇਲ, ਕੂਲੇ, ਛੋਟੇ, ਜੁਆਨੀ ਵਿਚ ਸ਼ਾਹ ਕਾਲੇ, ਪੂਰੇ ਲੰਬੇ, ਚਮਕੀਲੇ, ਅਤੇ ਬ੍ਰਿਧ ਅਵਸਥਾ ਵਿਚ ਚਿੱਟੇ ਹੋ ਜਾਂਦੇ ਹਨ। ਇਹ ਕੁਦਰਤ ਦੀ ਅਨੋਖੀ ਕਾਰੀਗਰੀ ਹੈ। ਜਿਉਂ ਜਿਉਂ ਜੁਆਨੀ ਢਲਦੀ ਹੈ, ਕੇਸਾਂ ਦਾ ਰੰਗ ਵੀ ਬਦਲਦਾ ਜਾਂਦਾ ਹੈ ਤੇ ੬੦-੬੫ ਸਾਲ ਦੀ ਆਯੂ ਤਕ ਦੁੱਧ ਵਾਂਗ

---

**ਪਤਾ ਲਗਾ ਕਿ ਰੰਗ ਪਿੱਤੇ ਵਿਚ ਨਹੀਂ ਗਿਆ। ਪਿੱਤੇ ਦਾ ਰਸਤਾ ਬੰਦ ਹੈ। ਰੰਗ ਆਂਦਰਾਂ ਵਿਚ ਹੀ ਰਿਹਾ।

ਲਾਹੌਰ ਤੋਂ ਮੈਂ ਫ਼ਿਰੋਜ਼ਪੁਰ ਪੁਜਾ ਅਤੇ ਘਰ ਆ ਕੇ ਸਾਰੀ ਗੱਲ ਸਿੰਘਣੀ ਨੂੰ ਦਸੀ। ਉਹ ਕਾਫ਼ੀ ਘਬਰਾਈ, ਪਰ ਦੂਜੇ ਦਿਨ ਸਵੇਰੇ ਉਹ ਪਾਠ ਤੇ ਅਰਦਾਸ ਪਿਛੋਂ ਆ ਕੇ ਕਹਿਣ ਲਗੀ ਕਿ ਡਾਕਟਰ ਨੇ ਤਾਂ ਤੁਹਾਨੂੰ ਦੋ ਮਹੀਨੇ ਦਿਤੇ ਹਨ, ਪਰ ਮੇਰਾ ਇਲਾਜ ਹੁਣੇ ਹੀ ਕਰਵਾਓ। ਮੈਂ ਕਿਹਾ ਕਿ ਦਸੋ। ਤਾਂ ਉਸ ਕਿਹਾ ਕਿ ਕਿ ਚਲੋ, ਗੁਰੂ ਅਰਜਨ ਸਾਹਿਬ ਦੇ ਦਰਬਾਰ ਜਾ ਕੇ ਅਰਦਾਸ ਕਰੀਏ। ਉਸ ਤੋਂ ਦੋ ਚਾਰ ਦਿਨ ਬਾਅਦ ਮਸਿਆ ਸੀ। ਅਸੀਂ ਚੌਦਸ ਵਾਲੀ ਸ਼ਾਮ ਨੂੰ ਸ੍ਰੀ ਤਰਨ ਤਾਰਨ ਪੁਜੇ,ਇਸ਼ਨਾਨ ਕਰ ਕੇ ਦਰਬਾਰ ਸਾਹਿਬ ਹਾਜ਼ਰ ਹੋਏ ਤੇ ਅਰਦਾਸ ਕੀਤੀ। ਸੰਗਤਾਂ ਦੀ ਉਥੇ ਕਾਫ਼ੀ ਗਹਿਮਾ ਗਹਿਮ ਸੀ। ਰਾਤ ਉਥੇ ਗੁਜ਼ਾਰੀ ਅਤੇ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰ ਕੇ ਫਿਰ ਗੁਰੂ-ਦਰਬਾਰ ਦੀ ਹਾਜ਼ਰੀ ਭਰੀ ਤੇ ਦੋਹਾਂ ਨੇ ਰਲ ਕੇ ਅਰਦਾਸ ਕੀਤੀ ਕਿ ਸਚੇ ਪਾਤਸ਼ਾਹ ਜੀਉ, ਦੇਹ-ਅਰੋਗਤਾ ਬਖਸ਼ੋ। ਉਸੇ ਦਿਨ ਅਸੀਂ ਵਾਪਸ ਫ਼ਿਰੋਜ਼ਪੁਰ ਪੁਜ ਗਏ।

ਪੰਜ ਸਤ ਦਿਨ ਬੀਤ ਗਏ। ਮੈਂ ਲੇਟਿਆ ਹੋਇਆ ਸਾਂ। ਲੇਟਿਆਂ ਲੇਟਿਆਂ ਮੈਂ ਪੇਟ ਦੇ ਸੱਜੇ ਪਾਸੇ ਨੂੰ ਟਟੋਲਣ ਲਗ ਪਿਆ। ਪਰ ਮੈਨੂੰ ਉਥੇ ਕੁਝ ਵੀ ਹੋਣ ਦਾ ਪਤਾ ਨਾ ਲਗਾ। ਮੈਂ ਮੁੜ ਉਸੇ ਆਪਣੇ ਗੁਆਂਢੀ ਡਾਕਟਰ ਨੂੰ ਬੁਲਾਇਆ ਕਿ ਦੇਖੇ ਹੁਣ ਕੀ ਹਾਲ ਹੈ, ਉਸ ਨੇ ਪੂਰੀ ਤਸੱਲੀ ਨਾਲ ਵੇਖ ਕੇ ਕਿਹਾ ਕਿ ਹੁਣ ਤਾਂ ਜਿਗਰ ਪਸਲੀ ਨਾਲੋਂ ਮਮੂਲੀ ਦਿਸਦਾ ਹੈ।

ਸੋ ਸਤਿਗੁਰੂ ਦੀ ਬਖਸ਼ਸ਼ ਹੋ ਗਈ ਤੇ ਉਸ ਬੀਮਾਰੀ ਤੋਂ ਛੁਟਕਾਰਾ ਮਿਲ ਗਿਆ। ਹੁਣ ੪੭ ਸਾਲ ਬੀਤ ਚੁਕੇ ਹਨ, ਮੁੜ ਕੋਈ ਤਕਲੀਫ਼ ਨਹੀਂ ਹੋਈ। ਪਰ ਅਸੀਂ ਪੰਜ ਵਾਰੀ ਹਰ ਸਾਲ ਮਸਿਆ ਤੇ ਤਰਨ ਤਾਰਨ ਸਾਹਿਬ ਇਸ਼ਨਾਨ ਤੇ ਅਰਦਾਸ ਕਰਨ ਲਈ ਜਾਂਦੇ ਰਹੇ।



www.AKJ.Org

ਸੁਫੈਦ ਹੋ ਜਾਂਦੇ ਹਨ "ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੈ ਉਜਲਿਆ।' (ਆਸਾ ਮ: ੧, ਪੰਨਾ ੪੩੨)

ਕੇਸਾਂ ਦਾ ਸਰੀਰ ਨਾਲ ਅਨਿਖੜਵਾਂ ਸੰਬੰਧ ਹੈ। ਇਹ ਵੀ ਸਰੀਰ ਦਾ ਅਜਿਹਾ ਹੀ ਅੰਗ ਹਨ ਜਿਵੇਂ ਲੱਤਾਂ, ਬਾਹਵਾਂ, ਕੰਨ, ਨੱਕ, ਠੋਡੀ, ਅੱਖਾਂ ਆਦਿ। ਹਰ ਮਨੁੱਖ ਦੇ ਕੇਸਾਂ ਦੀ ਲੰਬਾਈ ਵੀ ਇਕੋ ਜਹੀ ਨਹੀਂ ਹੁੰਦੀ। ਕੁਦਰਤ ਦੀ ਰਚਨਾਤ੍ਮਕ ਸ਼ਕਤੀ ਦਾ ਭੇਦ ਪਾਣਾ ਮੁਸ਼ਕਲ ਹੀ ਨਹੀਂ, ਸਗੋਂ ਅਸੰਭਵ ਹੈ। ਅੱਖ-ਪਲਕਾਂ, ਭਰਵਟਿਆਂ ਉੱਪਰ ਕੰਨਾਂ ਤੇ ਨਾਸਕਾਂ ਦੇ ਅੰਦਰ ਵਾਲ (ਰੋਮ) ਕੁਦਰਤ ਨੇ ਛੋਟੇ ਛੋਟੇ ਪੈਦਾ ਕੀਤੇ ਹਨ, ਸੋਚੀਏ ! ਜੇ ਕਰ ਦਾਹੜੇ ਜਾਂ ਕੇਸਾਂ ਜਿਤਨੇ ਲਬੇ ਵਾਲ ਇਨ੍ਹਾਂ ਅੰਗਾਂ ਤੇ ਹੁੰਦੇ ਤਾਂ ਮਨੁੱਖ ਦੀ ਸ਼ਕਲ ਸੂਰਤ ਕਿੱਦਾਂ ਦੀ ਲਗਦੀ ? ਅਕਾਲ ਪੁਰਖ ਨੇ ਜਿਸ ਅੰਗ ਉਪਰ ਜਿਤਨੀ ਵੀ ਗਿਣਤੀ ਵਿਚ ਜਿਸ ਸਰੀਰ ਨੂੰ ਰੋਮਾਂ ਦੀ ਬਖਸ਼ਸ਼ ਕੀਤੀ ਹੈ, ਉਸ ਦਾ ਉਸੇ ਸਾਜਨਹਾਰੇ ਨੂੰ ਪਤਾ ਹੈ। ਜਿਵੇਂ ਮਨੁੱਖੀ ਸ਼ਕਲ ਸੂਰਤ ਇਕ ਦੂਜੇ ਨਾਲ ਨਹੀਂ ਮਿਲਦੀ, ਕੁਝ ਇਸੇ ਤਰ੍ਹਾਂ ਹੀ ਕੇਸਾਂ (ਰੋਮਾਂ) ਦੀ ਰਚਨਾ ਹੈ, ਜੋ ਪ੍ਰਭੂ ਨੇ ਆਪ ਕੀਤੀ ਹੈ, ਕਿਸੇ ਵੀ ਮਨੁੱਖੀ ਦਿਮਾਗ ਦੀ ਉਪਜ ਨਹੀਂ।

ਸੀਸ (ਸਿਰ) ਵੀ ਕੇਸਾਂ ਸਹਿਤ ਸਰੀਰ ਦਾ ਉਤਨਾ ਹੀ ਜ਼ਰੂਰੀ ਅੰਗ ਹੈ ਜਿਤਨੇ ਲੱਤਾਂ ਬਾਹਵਾਂ ਆਦਿ ਸਰੀਰ ਦੇ ਹੋਰ ਅੰਗ।ਜੇਕਰ ਲੱਤਾਂ ਬਾਹਵਾਂ ਜਾਂ ਹੋਰ ਸਰੀਰ ਦੇ ਅੰਗ ਸਰੀਰ ਤੋਂ ਜੁਦਾ ਨਹੀਂ ਕੀਤੇ ਜਾ ਸਕਦੇ ਤਾਂ ਸਿਰ ਦੇ ਜਾਂ ਸਾਰੇ ਸਰੀਰ ਦੇ ਵਾਲ(ਕੇਸ)ਵੀ ਵਖਰੇ ਨਹੀਂ ਕੀਤੇ ਜਾ ਸਕਦੇ। ਜੇ ਕਿਸੇ ਦਾ ਸਿਰ ਵਢ ਦੇਣ ਵਾਲਾ ਕਾਤਲ ਜਾਂ ਖੂਨੀ ਆਖਿਆ ਜਾ ਸਕਦਾ ਹੈ ਤੇ ਫਾਂਸੀ ਦਾ ਹੱਕਦਾਰ ਹੈ ਤਾਂ ਕੇਸਾਂ (ਸੀਸ, ਦਾੜ੍ਹੇ ਜਾਂ ਹੋਰ ਅੰਗਾਂ ਦੇ ਰੋਮਾਂ) ਨੂੰ ਛੇੜਨ ਜਾਂ ਕੱਟਣ ਵਾਲਾ ਵੀ ਇਸ ਤੋਂ ਘੱਟ ਦੋਸ਼ੀ ਨਹੀਂ, ਮਹਾਂ ਹਤਿਆਰਾ ਤੇ ਪਾਪੀ ਹੈ।

ਜੇਹੜੇ ਲੋਕ ਕੇਸ ਕਟਦੇ ਹਨ, ਉਹ ਇਹੀ ਢਕੋਂਸਲਾ ਵਰਤਦੇ ਹਨ ਕਿ ਵਾਲ ਵਾਧੂ ਬੋਝ ਹਨ, ਇਨ੍ਹਾਂ ਦੀ ਲੋੜ ਨਹੀਂ। ਉਹ ਇਹ ਨਹੀਂ ਸਮਝਦੇ ਕਿ ਜਿਵੇਂ ਸਰੀਰ ਦੇ ਹੋਰ ਸਾਰੇ ਅੰਗ ਪ੍ਰਭੂ ਪਰਮਾਤਮਾ ਦੀ ਰਚਨਾਤਮਕ ਸ਼ਕਤੀ ਦੇ ਪ੍ਰਤੀਕ ਹਨ ਤਿਵੇਂ ਹੀ ਕੇਸ ਹਨ। ਇਨ੍ਹਾਂ ਨੂੰ ਕੱਟਣਾ ਜਾਂ ਛਾਂਟਣਾ ਪ੍ਰਭੂ ਦੀ ਆਗਿਆ ਨੂੰ ਭੰਗ ਕਰਨਾ ਹੈ। ਕੱਟਣਹਾਰੇ ਰੋਮ ਕਟਦੇ (ਭੱਦਣ ਕਰਵਾਂਦੇ) ਹਨ, ਵਾਲ ਫੇਰ ਉਗਮਦੇ ਤੇ ਵਧਦੇ ਕੱਟਣ-ਹਾਰਿਆਂ ਦੇ ਮੂੰਹ ਤੇ ਚਪੇੜਾਂ ਮਾਰਦੇ ਆਖਦੇ ਹਨ, "ਤੁਸੀਂ ਆਪਣੀ ਆਦਤ ਤੋਂ ਬਾਜ਼ ਆ ਜਾਉ ! ਅਸੀਂ ਵਧਣੋਂ ਬੰਦ ਨਹੀਂ ਹੋਣਾ।" ਕੱਟਣਹਾਰੇ ਮਰਦੇ ਦਮ ਤਕ ਇਹ ਆਪ-ਹੁਦਰਾ ਕੰਮ ਕਰਦੇ ਅੰਤ ਪ੍ਰਭੂ ਤੋਂ ਬੇਮੁਖ ਹੋ ਕੇ ਮਰ ਜਾਂਦੇ ਹਨ।

ਇਹ ਅਟੱਲ ਸਚਾਈ ਹੈ ਤੇ ਕੁਦਰਤ ਦੀ ਅਜੀਬ ਕਾਰੀਗਰੀ ਹੈ ਕਿ ਸਰੀਰਕ ਬਣਤਰ ਸਮੇਂ ਹੋਰ ਸਾਰੇ ਅੰਗ ਜਨਮ ਤੋਂ ਹੀ ਸਰੀਰ ਦੇ ਨਾਲ ਲਗ ਕੇ ਆਉਂਦੇ ਹਨ, ਪਰ 'ਦੰਦ' ਹਨ ਜੋ ਬੱਚੇ ਦੀ ਆਯੂ, ਸਾਲ ਦੇ ਕਰੀਬ ਹੋ ਜਾਣ ਤੇ ਜ਼ਾਹਿਰ ਹੁੰਦੇ ਹਨ ਤੇ ਬੁਢਾਪੇ ਸਮੇਂ (੭੦-੮੦ ਸਾਲ) ਤਕ ਕਮਜ਼ੋਰ ਹੋ ਜਾਂਦੇ ਹਨ ਜਾਂ ਨਿਕਲ ਜਾਂਦੇ ਹਨ। ਜਨਮ ਤੋਂ ਪਿੱਛੋ ਆਉਂਦੇ ਤੇ ਮਰਨ ਤੋਂ ਪਹਿਲੇ ਨਸ ਜਾਂਦੇ ਹਨ। ਇਹ ਵੀ ਸਿਰਜਣਹਾਰ ਕਰਤਾਰ ਦੀ ਅਸਚਰਜ ਰਚਨਾ ਹੈ, ਕੋਈ ਕੁਝ ਵੀ ਅਨੁਮਾਨ ਨਹੀਂ ਲਗਾ ਸਕਦਾ, ਇਸ ਅਗਮੀ ਭਦ ਨੂੰ ਉਹ ਆਪ ਨਿਰੰਕਾਰ ਜਾਣਦਾ ਹੈ। ਕੁਝ ਵੀ ਸੋਚਣਾ ਮਨੁੱਖੀ ਅੰਦਾਜ਼ਿਆਂ ਤੋਂ ਬਾਹਰ ਦੀ ਗੱਲ ਹੈ।

ਰੋਮਾਂ (ਕੇਸਾਂ) ਦਾ ਵੀ ਆਪਣਾ ਵਖਰਾ ਜੀਵਨ ਹੈ, ਜਿਸ ਦੇ ਅਨੁਸਾਰ ਇਹ ਪੁੰਗਰਦੇ ਪਲਦੇ ਹਨ। ਕੋਈ ਅਦਭੁਤ ਘਟਨਾ ਹੋ ਜਾਣ ਸਮੇਂ, ਚੰਗੀ ਜਾਂ ਮਾੜੀ ਖ਼ਬਰ ਸੁਣ ਕੇ ਸਾਰੀ ਰੋਮਾਵਲੀ ਖੜੀ ਹੋ ਜਾਂਦੀ ਹੈ। ਖੁਸ਼ੀ ਦੀ ਖ਼ਬਰ ਸੁਣਨ ਨਾਲ ਰੋਮਾਵਲੀ ਵਿਚ ਖੇੜਾ ਆ ਜਾਂਦਾ ਹੈ। ਰੋਜ਼ ਦੇਖਦੇ ਹਾਂ ਕਿ ਕੰਘਾ ਕਰਨ ਸਮੇਂ ਮੁਰਦਾ ਕੇਸ ਆਪ ਹੀ ਖਿੱਚੇ ਹੋਏ ਕੰਘੇ ਵਿਚ ਆ ਜਾਂਦੇ ਹਨ ਤੇ ਜੇਕਰ ਕੋਈ ਜੀਂਦਾ ਕੇਸ ਕੰਘਾ ਵਾਹੁਣ ਵੇਲੇ ਕਿਸੇ ਦੰਦੇ ਵਿਚ ਅੜ ਜਾਵੇ ਤਾਂ ਖਿਚਦੇ ਵੇਲੇ ਪੀੜ ਮਹਿਸੂਸ ਹੁੰਦੀ ਹੈ। ਵੈਸੇ ਸਰੀਰ ਦੀ ਅਰੋਗਤਾ ਦੀ ਜਾਣਕਾਰੀ ਵੀ ਕੇਸਾਂ ਦੀ ਤਬਦੀਲੀ ਤੋਂ ਪ੍ਰਤੀਤ ਹੁੰਦੀ ਹੈ। ਜਿੱਥੇ ਅਰੋਗ ਮਨੁੱਖ ਦੇ ਕੇਸ ਚਮਕੀਲੇ, ਸੋਹਣੇ ਤੇ



www.AKJ.Org

ਪੱਕੇ ਹੁੰਦੇ ਹਨ ਉੱਥੇ ਵਖ ਵਖ ਰੋਗ ਲਗ ਜਾਣ ਕਾਰਨ ਕੇਸਾਂ ਦਾ ਰੰਗ ਵੀ ਪੀਲਾ, ਕੱਕਾ, ਟੁੱਟਣ ਵਾਲਾ ਹੋ ਕੇ ਬਦਲਦਾ ਰਹਿੰਦਾ ਹੈ। ਕੇਸਾਂ ਨੂੰ ਰੱਬ ਨੇ ਐਸੇ ਮਸਾਲੇ ਨਾਲ ਬਣਾਇਆ ਹੈ ਜੋ ਸਰੀਰ ਨੂੰ ਗਰਮੀਆਂ ਵਿਚ ਠੰਡਕ ਤੇ ਸਰਦੀਆਂ ਵਿਚ ਨਿੱਘ ਪ੍ਰਦਾਨ ਕਰਦਾ ਹੈ ਤੇ ਵਿਸ਼ੇਸ਼ ਕਰਕੇ ਦਿਮਾਗ (ਸੋਚ ਸ਼ਕਤੀ) ਦੇ ਸੰਤੁਲਨ ਨੂੰ ਠੀਕ ਰੱਖਣ ਵਿਚ ਸਹਾਇਕ ਹੁੰਦਾ ਹੈ, ਕਿਉਂਕਿ ਕੇਸ ਦਿਮਾਗ ਦੇ ਰਖਵਾਲੇ ਹਨ ਅਤੇ ਹਰ ਦਿਮਾਗੀ ਕੰਮ ਕਰਨ ਵਿਚ ਸਹਿਯੋਗ ਦੇਂਦੇ ਹਨ। ਹੋਰ ਸਾਰੇ ਸਰੀਰ ਦੇ ਰੋਮ ਮੁਸਾਮਾਂ ਦੇ ਰੂਪ ਵਿਚ ਪਸੀਨਾ ਬਦਬੂ ਮੈਲ ਆਦਿ ਖ਼ਾਰਜ ਕਰਦੇ ਰਹਿੰਦੇ ਹਨ।

ਡਾਕਟਰਾਂ ਨੇ ਤਜਰਬਿਆਂ ਦੁਆਰਾ ਸਿੱਧ ਕੀਤਾ ਹੈ ਕਿ ਕੁਦਰਤ ਨੇ ਕੇਸ ਐਸੇ ਮਸਾਲੇ ਦੇ ਬਣਾਏ ਹਨ ਕਿ ਉਹ ਹਜ਼ਾਰਾਂ ਸਾਲ ਵੀ ਮਿੱਟੀ ਵਿਚ ਦਬੇ ਹੋਏ ਨਹੀਂ ਗਲਦੇ। ਪੁਰਾਣੀਆਂ ਕਬਰਾਂ ਪੁਟ ਕੇ ਲਾਸ਼ਾਂ ਨੂੰ ਵੇਖਣ ਤੇ ਜਾਣਕਾਰੀ ਪ੍ਰਾਪਤ ਹੋਈ ਹੈ ਕਿ ਮੁਰਦੇ ਦੀਆਂ ਹਡੀਆਂ ਤਕ ਗਲ ਗਈਆਂ ਸਨ, ਪਰ ਵਾਲ ਜਿਉਂ ਦੇ ਤਿਉਂ ਪਾਏ ਗਏ। ਨਵੀਂ ਖੋਜ ਨੇ ਇਹ ਵੀ ਸਿੱਧ ਕੀਤਾ ਹੈ ਕਿ ਕੇਸਾਂ ਵਿਚੋਂ ਸਰੀਰ ਨੂੰ ਵਿਟਾਮਿਨ ਡੀ ਪ੍ਰਾਪਤ ਹੁੰਦਾ ਹੈ। ਜੋ ਸੂਰਜ ਦੀਆਂ ਕਿਰਨਾਂ ਰਾਹੀਂ ਕੇਸਾਂ ਵਿਚ ਦਾਖ਼ਲ ਹੁੰਦਾ ਹੈ ਤੇ ਸਰੀਰ ਦੇ ਨਰਵਿਸ ਸਿਸਟਮ ਹਡੀਆਂ ਦੰਦਾਂ ਆਦਿ ਨੂੰ ਤਾਕਤ ਦੇਣ ਵਾਲਾ ਤੱਤ ਹੈ। ਜਿਤਨੇ ਲੰਬੇ ਕੇਸ ਹੋਣਗੇ ਉਤਨਾ ਹੀ ਵਿਟਾਮਨ ਡੀ ਵਧ ਪੈਦਾ ਕਰਨਗੇ।

ਵੈਦਕ ਵਾਲਿਆਂ ਦਾ ਮਤ ਹੈ ਕਿ ਜਿਹੜੀ ਪ੍ਰੋਟੀਨ ਅਸੀਂ ਦਿਨ ਵਿਚ ਵਖ ਵਖ ਭੋਜਨ ਜਲ ਆਦਿ ਖ਼ੁਰਾਕ ਦੁਆਰਾ ਸਰੀਰ ਵਿਚ ਪੁਚਾਂਦੇ ਹਾਂ, ਕੇਸ ਕੱਟਣ ਨਾਲ ਉਸ ਤੋਂ ਕਈ ਗੁਣਾ ਵਧ ਨਸ਼ਟ ਹੋ ਜਾਂਦੀ ਹੈ। ਖਾਧੀ ਖ਼ੁਰਾਕ ਨੂੰ ਨਵੇਂ ਵਾਲਾਂ ਦੇ ਉਗਮਣ ਵਿਚ ਕਾਫ਼ੀ ਸਹਾਇਤਾ ਦੇਣੀ ਪੈਂਦੀ ਹੈ। ਇੰਜ ਹੋਰ ਸੈਲਾਂ ਨੂੰ ਜਾਣ ਵਾਲੀ ਤਾਕਤ ਘਟ ਜਾਂਦੀ ਹੈ ਤੇ ਇਹ ਤਾਕਤ ਬਾਰ ਬਾਰ ਕਟਣ ਨਾਲ ਬਾਰ ਬਾਰ ਨਸ਼ਟ ਹੁੰਦੀ ਹੈ, ਕਿਉਂਕਿ ਕੱਟੇ ਹੋਏ ਵਾਲ (ਕੇਸ) ਖੋਜ (ਰੀਸਰਚ) ਅਨੁਸਾਰ ਤੀਜੇ ਦਿਨ ਇੰਚ ਦਾ ਅਠਵਾਂ ਹਿੱਸਾ ਵਧ ਜਾਂਦੇ ਹਨ। ਜੇਕਰ ਇਸ ਵਾਧੇ ਨੂੰ, ਜੋ ਬਾਰ ਬਾਰ ਕੱਟਣ ਤੇ ਫਿਰ ਵਧਣ, ਫਿਰ ਕੱਟਣ ਨੂੰ, ਇਕ ਰੋਮ ਨੂੰ ਧਿਆਨ ਵਿਚ ਰਖ ਕੇ ਨਾਪਿਆ ਜਾਵੇ ਤਾਂ ਹਰ ਬੰਦਾ ਜੋ ਕੇਸ ਕਟਾਂਦਾ ਹੈ, ਤੀਜੇ ਦਿਨ ਦੋ ਸੌ ਸਾਢੇ ਅੱਠ ਫੁਟ ਲੰਬਾ ਵਾਲ, ਜੋ ਪੌਸ਼ਟਕ ਭੋਜਨ ਦੀ ਵਰਤੋਂ ਕਰ ਕੇ ਤਿਆਰ ਹੋਇਆ ਹੈ, ਸਰੀਰ ਦੀ ਸ਼ਕਤੀ ਖਰਚ ਕਰਕੇ ਨਸ਼ਟ ਕਰਦਾ ਹੈ। ਕੇਸਾਂ ਨੂੰ ਜਿਤਨਾ ਕਟਿਆ ਜਾਵੇ, ਉਤਨੀ ਤਾਕਤ ਅਜਾਈਂ ਜਾਂਦੀ ਹੈ। ਜੇਕਰ ਇਹ ਨਾ ਕੱਟੇ ਜਾਣ ਤਾਂ ਕੁਦਰਤ ਵਲੋਂ ਨਿਸ਼ਚਿਤ ਲੰਬਾਈ ਤੇ ਪੁਜ ਕੇ ਆਪੇ ਹੀ ਵਧਣੋਂ ਰੁਕ ਜਾਂਦੇ ਹਨ। ਜਿਹੜੀ ਤਾਕਤ ਸੂਰਜ ਦੀਆਂ ਕਿਰਨਾਂ ਰਾਹੀਂ ਦਿਮਾਗ ਨੂੰ ਪੁਜਣੀ ਹੁੰਦੀ ਹੈ, ਕੇਸਾਂ ਨੂੰ ਕਟਣਹਾਰੇ ਉਸ ਦਾ ਰਾਹ ਹੀ ਬੰਦ ਕਰ ਦੇਂਦੇ ਹਨ। ਹਕੀਮਾਂ ਦੁਆਰਾ ਇਹ ਵੀ ਮੰਨਿਆਂ ਗਿਆ ਹੈ ਕਿ ਜ਼ੁਕਾਮ ਨਜ਼ਲੇ ਵਾਲੇ ਬੀਮਾਰ ਅਧਿਕ ਉਹੀ ਹੁੰਦੇ ਹਨ ਜੇਹੜੇ ਕੇਸ ਕਟਾਂਦੇ ਮੁਨਾਂਦੇ ਜਾਂ ਤਰਾਸ਼ਦੇ ਹਨ। ਸਾਬਤ ਸੂਰਤ ਰਹਿਣ ਵਾਲਿਆਂ ਨੂੰ ਇਹ ਬਿਮਾਰੀਆਂ ਘਟ ਹੀ ਲਗਦੀਆਂ ਹਨ। ਅਮਰੀਕਨ ਮਨੋ-ਵਿਗਿਆਨੀ 'ਰਾਬਰਟ ਮਿਲ਼ਗਿਰਨੀ' ਦਾ ਕਥਨ ਹੈ ਕਿ ਜਿਤਨਾ ਕੋਈ ਮਨੁੱਖ ਸਾਬਤ ਸੂਰਤ ਹੋਵੇਗਾ ਉਹ ਉਤਨਾ ਹੀ ਜਵਾਂ ਮਰਦ, ਤੇ ਦਰਸ਼ਨੀ ਸ਼ਖਸੀਅਤ ਵਾਲਾ ਆਤਮ ਵਿਸ਼ਵਾਸੀ, ਉਦਾਰ, ਅਡੋਲ ਤੇ ਮਿਹਨਤੀ ਹੋਵੇਗਾ।'

ਸਾਰਾ ਸੰਸਾਰ ਜਾਣਦਾ ਹੈ ਕਿ ਕੇਸਾਧਾਰੀ ਸਾਬਤ ਸੂਰਤ ਸਿੱਖ ਕੌਮ ਨੇ ਸਾਰੇ ਸੰਸਾਰ ਵਿਚ ਇਸੇ ਗੁਣ ਦੀ ਪਾਲਨਾ ਕਰਦਿਆਂ ਹਰ ਪੱਖ ਤੋਂ ਉੱਨਤੀ ਦੀਆਂ ਸਿਖਰਾਂ ਨੂੰ ਛੋਹਿਆ ਹੈ। ਕੇਸਾਂ ਨੂੰ ਕੱਟਣਾ ਸਰੀਰ ਦੀ ਸ਼ਕਤੀ ਨੂੰ ਖੀਣ ਕਰਨਾ ਹੈ। ਕੇਸਾਂ ਦੀ ਜੜ੍ਹ ਸਰੀਰ ਵਿਚ ਕਾਫੀ ਡੂੰਘੀ ਹੁੰਦੀ ਹੈ। ਕੇਸ ਖ਼ੂਨ ਦੀਆਂ ਨਾੜੀਆਂ ਚੋਂ ਤਾਕਤ ਲੈਂਦੇ ਹਨ। ਖੋਜ ਅਨੁਸਾਰ ਕੇਸਾਂ ਵਿਚ ਸਰੀਰ ਨੂੰ ਬਲ ਦੇਣ ਵਾਲੇ ਤੱਤ ਹਨ—ਨਾਈਟਰੋਜਨ ੧੭ ਭਾਗ, ਹਾਈਡਰੋਜਨ ੬ ਭਾਗ, ਕਾਰਬਨ ੫੦ ਭਾਗ, ਸਲਫ਼ਰ ੫ ਭਾਗ, ਔਕਸੀਜਨ ੨੯ ਭਾਗ, ਚੂਨਾ ਤੇ ਅਗਨੀ ਥੋੜੀ ਮਾਤਰਾ ਵਿਚ।



www.AKJ.Org

# ਜੀਵਨ-ਝਲਕੀਆਂ ਡਾਕਟਰ ਸੁਰਿੰਦਰ ਸਿੰਘ ਜੀ

(੭)

**ਕੀਰਤਨ ਸ੍ਰਵਣ ਕਰਦਿਆਂ ਦੇ ਅਲੌਕਿਕ ਰੰਗ–**

ਭਾਈ ਤੇਜਿੰਦਰ ਸਿੰਘ ਜੀ ਨਾਲ ਡਾਕਟਰ ਸੁਰਿੰਦਰ ਸਿੰਘ ਜੀ ਦਾ ਚੰਗਾ ਪਿਆਰ ਸੀ। ਇਕੇਰਾਂ ਭਾਈ ਤੇਜਿੰਦਰ ਸਿੰਘ ਵੀ ਲੁਧਿਆਣੇ ਦੇ ਸਮਾਗਮ ਵਿਖੇ ਡਾਕਟਰ ਜੀ ਦੇ ਪਾਸ ਹੀ ਬੈਠੇ ਸਨ। ਪੂਰਾ ਪੰਡਾਲ ਸੰਗਤ ਨਾਲ ਖੱਚਾ ਖੱਖ ਭੱਰਿਆ ਪਿਆ ਸੀ। ਸੰਗਤ ਕੀਰਤਨ ਵਿਚ ਬੜੇ ਹੀ ਰੰਗਾਂ ਵਿਚ ਜੁੜੀ ਹੋਈ ਸੀ। ਇਕ ਬੀਬੀ ਜੀ ਨੇ ਇਹ ਸ਼ਬਦ ਸ਼ੁਰੂ ਕੀਤਾ–

ਬਾਹਰਿ ਢੂਢਨ ਤੇ ਛੂਟਿ ਪਰੇ, ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥
ਅਨਭਉ ਅਚਰਜ ਰੂਪੁ ਪ੍ਰਭ ਪੇਖਿਆ, ਮੇਰਾ ਮਨੁ ਛੋਡਿ ਨ ਕਤਹੂ ਜਾਇਆ ਥਾ ॥੧॥
ਮਾਨਕੁ ਪਾਇਓ ਰੇ ਪਾਇਓ ਹਰਿ ਪੂਰਾ ਪਾਇਆ ਥਾ ॥
ਮੋਲਿ ਅਮੋਲੁ ਨ ਪਾਇਆ ਜਾਈ, ਕਰਿ ਕਿਰਪਾ ਗੁਰੂ ਦਿਵਾਇਆ ਥਾ ॥੧॥ਰਹਾਉ॥
ਅਦਿਸਟੁ ਅਗੋਚਰੁ ਪਾਰਬ੍ਰਹਮੁ, ਮਿਲਿ ਸਾਧੂ ਅਕਥੁ ਕਥਾਇਆ ਥਾ ॥
ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥੨॥
ਤੋਟਿ ਨਾਹੀ ਮਨਿ ਤ੍ਰਿਸਨਾ ਬੂਝੀ ਅਖੁਟ ਭੰਡਾਰ ਸਮਾਇਆ ਥਾ ॥
ਚਰਣ ਚਰਣ ਚਰਣ ਗੁਰ ਸੇਵੇ ਅਘੜੁ ਘੜਿਓ ਰਸੁ ਪਾਇਆ ਥਾ ॥੩॥
ਸਹਜੇ ਆਵਾ ਸਹਜੇ ਜਾਵਾ ਸਹਜੇ ਮਨੁ ਖੇਲਾਇਆ ਥਾ ॥
ਕਹੁ ਨਾਨਕ ਭਰਮੁ ਗੁਰਿ ਖੋਇਆ ਤਾ ਹਰਿ ਮਹਲੀ ਮਹਲੁ ਪਾਇਆ ਥਾ ॥੪॥੩॥੧੨॥

ਮਾਰੂ ਮਹਲਾ ੫, ਪੰਨਾ ੧੦੦੨

ਡਾਕਟਰ ਜੀ ਸੰਗਤ ਵਿਚ ਇਕ ਪਾਸੇ ਕਰਕੇ ਸਜੇ ਹੋਏ ਸਨ ਅਤੇ ਉਨ੍ਹਾਂ ਦੀ ਦਸ਼ਾ ਐਸੀ ਬਣ ਰਹੀ ਸੀ–

ਜਿਸ ਨੋ ਪ੍ਰੇਮੁ ਮਨਿ ਵਸਾਏ ॥ ਸਾਚੈ ਸਬਦਿ ਸਹਜਿ ਸੁਭਾਏ ॥
ਏਹਾ ਵੇਦਨ ਸੋਈ ਜਾਣੈ ਅਵਰੁ ਕਿ ਜਾਣੈ ਕਾਰੀ ਜੀਉ ॥ (੧੦੧੯)

ਪ੍ਰੇਮ-ਵੇਦਨਾ ਨਾਲ ਵਿੰਨ੍ਹੇ ਹੋਏ ਹਿਰਦੇ ਵਿਚ ਬਾਣੀ ਦੀ ਇਕ ਇਕ ਤੁਕ ਆ ਕੇ ਘਾਉ ਕਰਦੀ ਜਾਂਦੀ ਸੀ। ਹਰੇਕ ਤੁਕ ਸ੍ਰਵਣ ਕਰਨ ਪਿਛੋਂ ਚਿਹਰੇ ਤੇ ਕੋਈ ਨਵਾਂ ਹੀ ਰੰਗ ਖਿੜਦਾ ਜਾਂਦਾ ਸੀ। ਸਰੀਰ ਵਿਚ ਅਨੋਖਾ ਜਿਹਾ ਕਾਂਬਾ ਸੀ। ਕੋਲ ਬੈਠੇ ਇਉਂ ਪ੍ਰਤੀਤ ਕਰ ਰਹੇ ਸਨ, ਜਿਵੇਂ ਕੋਈ ਘਾਇਲ ਹੋਇਆ ਪ੍ਰਾਣੀ ਘਾਵਾਂ ਦੀ ਪੀੜਾ ਨੂੰ ਬੜੀ ਮੁਸ਼ਕਲ ਨਾਲ ਜਰਨ ਦਾ ਉਪਰਾਲਾ ਕਰ ਰਿਹਾ ਹੋਵੇ।

ਬਸ ਜੀ, ਗੁਰਬਾਣੀ ਦੇ ਅਣਿਆਲੇ ਅਣੀਆਂ ਨਾਲ ਤਨ ਮਨ ਬੇਧਿਆ ਗਿਆ। ਜਿਉਂ ਜਿਉਂ ਅਮੋਘ ਬਾਣੀ ਦੇ ਬਾਣ ਲਗਦੇ, ਤਿਉਂ ਤਿਉਂ ਹੋਰ ਤੋਂ ਹੋਰ ਵੈਰਾਗ-ਵਿਆਕੁਲਤਾ ਉਹਨਾਂ ਦੀ ਵਧਦੀ ਜਾਂਦੀ। ਕੀਰਤਨ ਦੁਆਰਾ ਬਾਣੀ ਦੇ ਇਨ੍ਹਾਂ ਬਾਣਾਂ ਨਾਲ ਵੈਰਾਗੀਅੜੇ ਡਾਕਟਰ ਜੀ ਦੀ ਬ੍ਰਿਹਨੀ ਬਿਰਤੀ ਨੂੰ ਬੇਧਨ ਲਈ ਇਹ ਸਾਰਾ ਸਰੰ-ਜਾਮ ਹੋ ਰਿਹਾ ਸੀ। ਕੀਰਤਨ ਸ੍ਰਵਣ ਕਰਦਿਆਂ ਕਰਦਿਆਂ ਡਾਕਟਰ ਜੀ ਦੀ ਸਾਰੀ ਰੋਮਾਵਲੀ ਰੁਮਕ ਉਠੀ। ਐਸਾ ਜਾਪੇ ਕਿ "ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ" (੯੪੧) ਵਾਲੇ ਗੁਰਵਾਕ ਦਾ ਪੂਰਨ ਪ੍ਰਭਾਵ ਬੱਝ ਰਿਹਾ ਸੀ। ਚੇਹਰੇ ਦਾ ਰੰਗ ਦਮ-ਬਦਮ ਚਲੂਲੀ ਭਾਹ ਵਿਚ ਪਲਟਦਾ ਜਾਵੇ। ਨਿਕਟ ਬੈਠੇ ਵੀਰੜੇ ਚਲੂਲੇ ਰੰਗਾਂ ਵਿਚ ਰੰਗੀਜੇ ਇਹ ਦਰਸ਼ਨ ਕਰ ਕਰ ਚਕ੍ਰਿਤ ਹੋ ਰਹੇ ਸਨ। ਡਾਕਟਰ ਜੀ ਨਿਰੰਕਾਰੀ ਮੰਡਲਾਂ ਚਿ ਜਾ ਖੇਡੇ। ਹਿਰਦੇ ਨਾਭੀ ਕਮਲ ਅੰਦਰ ਅੰਮ੍ਰਿਤੀਸ਼ਰ ਚਸ਼ਮਾ ਐਸਾ ਸਫੁਟ ਹੋਇਆ ਕਿ ਅਮਿਓ ਰਸਾਇਣੀ ਜਲਵਾ ਉਛਲ



www.AKJ.Org

ਉਛਲ ਬਾਹਰ ਨੂੰ ਆਵੇ। ਡਾਕਟਰ ਜੀ ਦਾ ਸਿਮਰਨ ਚਸ਼ਮੇ ਵਾਂਗ ਉਮਗ ਉਮਗ ਕੇ ਬਾਹਰ ਨੂੰ ਆਵੇ ਅਤੇ ਅੰਤ ਉਹ ਉਚੀ ਉਚੀ ਗੂੰਜਾਂ ਗੁੰਜਾਉਂਦਾ ਜ਼ੋਰ ਦੇ ਕੇ ਬਾਹਰ ਨੂੰ ਵਗ ਤੁਰਿਆ। ਉਨ੍ਹਾਂ ਦੇ ਬੈਰਾਗ ਦਾ ਕੜ੍ਹ ਪਾਟ ਗਿਆ, ਜੋ ਸੰਭਲਿਆ ਨਹੀਂ ਸੀ ਜਾਂਦਾ। ਜ਼ਮੀਨ ਤੋਂ ਉਚੇ ਉਠ ਉਠ ਗੁਰੂ ਗੁਰੂ ਦੀਆਂ ਧੁੰਨੀਆਂ ਬੁਲੰਦ ਹੋ ਰਹੀਆਂ ਸਨ।

ਭਾਈ ਤੇਜਿੰਦਰ ਸਿੰਘ ਜੀ ਦੱਸਦੇ ਹਨ ਕਿ ਲਾਗੇ ਬੈਠਿਆਂ ਨੂੰ ਇੰਜ ਜਾਪੇ ਕਿ ਉਹ ਅਮਰ ਅਟਾਰੇ ਅਰਸ਼ੀ ਮੰਡਲਾਂ ਵਿਚ ਜਾ ਬੈਠੇ ਹਨ ਅਤੇ ਸੰਸਾਰ ਦੀ ਸੁਧ ਬੁਧ ਹੀ ਕੋਈ ਨਹੀਂ। ਇਸ ਅਗੰਮੀ ਕਲਾ ਵਿਚ ਡਾਕਟਰ ਜੀ ਉਡ ਉਡ ਕੇ ਡਿਗਣ। ਅੰਦਰੋਂ ਅਜਪਾ ਜਾਪ ਇਵੇਂ ਚਲਿਆ ਕਿ ਰੁਕਣ ਠੁਕਣ ਵਿਚ ਹੀ ਨਾ ਆਵੇ। ਸ੍ਰੀ ਮਾਨ ਬਾਊ ਮੱਲ ਸਿੰਘ ਜੀ ਨੇ ਜਦੋਂ ਡਾਕਟਰ ਜੀ ਦੀ ਇਹ ਡਾਢੀ ਵੈਰਾਗੀ ਦਸ਼ਾ ਦੇਖੀ ਤਾਂ ਉਨ੍ਹਾਂ ਦੇ ਅੰਤਰ-ਆਤਮੇ ਪਤਾ ਨਹੀਂ ਕੀ ਸਫੁਰਨ ਫੁਰਿਆ, ਸਟੇਜ ਤੋਂ ਉਠੇ ਅਤੇ ਉਠ ਕੇ ਡਾਕਟਰ ਜੀ ਦੇ ਕੋਲ ਜਾ ਪੁਜੇ। ਉਹਨਾਂ ਨੇ ਡਾਕਕਰ ਜੀ ਨੂੰ ਜੱਫੀ ਵਿਚ ਲੈ ਕੇ ਅੰਦਰੇ ਅੰਦਰ ਕੁਝ ਕਿਹਾ ਤਾਂ ਡਾਕਟਰ ਜੀ ਦਾ ਉਚੀ ਉਚੀ ਸਿਮਰਨ ਚਲਦਾ ਚਲਦਾ ਸਹਿਜ ਚਿ ਆ ਗਿਆ। ਇਸੇ ਸਹਿਜ ਰੰਗ ਵਿਚ ਹੀ ਸਾਰੀ ਰੈਣ ਸੁਹਾਵੜੀ ਬਿਤਾਈ। ਪਤਾ ਨਹੀਂ ਕਿਸ ਵੇਲੇ ਸਵੇਰ ਹੋਈ, ਇਸਦੀ ਤਾਂ ਉਹਨਾਂ ਨੂੰ ਕੋਈ ਸੁਧ ਬੁਧ ਹੀ ਨਾ ਰਹੀ।

ਇਥੇ ਲੁਧਿਆਣੇ ਦੇ ਇਕ ਹੋਰ ਸਮਾਗਮ ਤੇ ਬੜੀ ਦਿਲਚਸਪ ਘਟਨਾ ਵਾਪਰੀ। ਭਾਈ ਤੇਜਿੰਦਰ ਸਿੰਘ ਜੀ ਨੂੰ ਡਾਕਟਰ ਜੀ ਦੀ ਕਲਾ-ਕ੍ਰਿਸ਼ਮੀ-ਅਵਸਥਾ ਦਾ ਪਤਾ ਸੀ। ਰੈਣ ਸਬਾਈ ਦਾ ਭੋਗ ਪਿਆ ਅਤੇ ਭਾਈ ਤੇਜਿੰਦਰ ਸਿੰਘ ਜੀ ਆਪਣੇ ਸਾਥੀ ਭਾ: ਸੰਤ ਸਿੰਘ ਜੀ ਵਿੰਗ ਕਮਾਂਡਰ ਨਾਲ ਡਾਕਟਰ ਜੀ ਦੇ ਦਰਸ਼ਨ ਪਰਸਨ ਹਿੱਤ ਉਹਨਾਂ ਪਾਸ ਪੁਜੇ। ਭਾ: ਤੇਜਿੰਦਰ ਸਿੰਘ ਹੋਰਾਂ ਨੇ ਸੰਤ ਸਿੰਘ ਜੀ ਨੂੰ ਕਿਹਾ ਵੀ ਕਿ ਡਾਕਟਰ ਜੀ ਬਹੁਤ ਉਚ ਖੇਡਾਂ ਚਿ ਹਨ, ਇਸ ਲਈ ਤੁਸੀਂ ਉਹਨਾਂ ਨਾਲ ਜੱਫੀ ਚਿ ਅਭਿਆਸੀ ਖੰਡਾ ਨਹੀਂ ਖੜਕਾਉਣਾ। ਪਰ ਭਾਈ ਸੰਤ ਸਿੰਘ ਜੀ ਨੇ ਇਹ ਗੱਲ ਗੌਲੀ ਹੀ ਨਾ। ਡਾਕਟਰ ਜੀ ਨੂੰ ਦੇਖਣ ਸਾਰ ਹੀ ਜੱਫੀ ਚਿ ਲੈ, ਨਾਮ ਦਾ ਖੰਡਾ ਖੜਕਾਉਣਾ ਸ਼ੁਰੂ ਕਰ ਦਿਤਾ। ਭਾਈ ਅਮਰਜੀਤ ਸਿੰਘ ਨਿਹੰਗ ਵੀ ਲਾਗੇ ਹੀ ਬੈਠੇ ਹੋਏ ਸਨ ਅਤੇ ਇਹ ਨਜ਼ਾਰਾ ਵੇਖ ਰਹੇ ਸਨ। ਕਾਫ਼ੀ ਦੇਰ ਨਾਮ ਅਭਿਆਸ ਤੋਂ ਬਾਅਦ ਜਦੋਂ ਭਾ: ਸੰਤ ਸਿੰਘ ਹੋਰਾ ਨੇ ਆਪਣੀ ਗਲਵੱਕੜੀ ਢਿਲੀ ਕੀਤੀ ਤਾਂ ਡਾਕਟਰ ਜੀ ਦੱੜ ਕਰਦੇ ਜ਼ਮੀਨ ਤੇ ਡਿਗਣ ਨੂੰ ਪਏ। ਭਾਈ ਅਮਰਜੀਤ ਸਿੰਘ ਕਿਉਂਕਿ ਭੁੰਜੇ ਹੀ ਲਾਗੇ ਬੈਠੇ ਹੋਏ ਸਨ, ਉਹਨਾਂ ਮਸਾਂ ਹੀ ਡਾਕਟਰ ਜੀ ਨੂੰ ਆਪਣੇ ਹੱਥਾਂ ਤੇ ਥੰਮਿਆ। ਜੇ ਉਹ ਨਾ ਥੰਮਦੇ ਤਾਂ ਕੀ ਪਤਾ ਕਿ ਉਨ੍ਹਾਂ ਨੂੰ ਕੋਈ ਸੱਟ-ਫੇਟ ਹੀ ਲਗ ਜਾਂਦੀ। ਡਾਕਟਰ ਜੀ ਸਿਰਤੋੜ ਜ਼ਮੀਨ ਤੇ ਪਏ ਸਨ। ਸਰੀਰ ਵਿਚ ਕੋਈ ਸਾਹ ਸੱਤ ਨਹੀਂ ਸੀ ਜਾਪਦਾ, ਸਿਰਫ਼ ਗਲ ਤੋਂ ਉਪਰ ਦਾ ਸਰੀਰ ਵਾਹਿਗੁਰੂ ਪਿਤਾ ਦੀ ਅਗੰਮੀ ਧੁੰਨੀਆਂ ਦੀਆਂ ਗੂੰਜਾਂ ਸੁਣਾਂਦਾ ਦਿਖਾਈ ਦਿੰਦਾ ਸੀ। ਅਨਹਦ ਦਸਮ ਦੁਆਰ ਦੀਆਂ ਅਨਹਦ ਧੁੰਨੀਆਂ ਚਿ ਮਗਨ ਜਾਹੋ ਜਲਾਲ ਨਾਲ ਭਖਦਾ ਡਾਕਟਰ ਜੀ ਦਾ ਚੇਹਰਾ ਦੇਖਿਆ ਨਹੀਂ ਸੀ ਜਾਂਦਾ। ਭਾ: ਸੰਤ ਸਿੰਘ ਜੀ ਕੁਝ ਘਬਰਾਏ, ਪਰ ਤੇਜਿੰਦਰ ਸਿੰਘ ਜੀ ਕਹਿਣ ਲੱਗੇ, ਭਾਈ, ਤੈਨੂੰ ਤਾਂ ਪਹਿਲਾਂ ਹੀ ਕਿਹਾ ਸੀ ਕਿ ਡਾਕਟਰ ਜੀ ਨਾਲ ਕੋਈ ਕਾਹਲ ਦੀ ਗੱਲ ਨਾ ਕਰੀਂ। ਅਛਾ ਹੁਣ ਇੰਜ ਕਰੋ ਕਿ ਡਾਕਟਰ ਜੀ ਹੋਰਾਂ ਦੀਆਂ ਤਲੀਆਂ ਝੱਸੋ। ਕੁਝ ਦੇਰ ਬਾਅਦ ਡਾਕਟਰ ਜੀ ਨੇ ਜਦੋਂ ਹੋਸ਼ ਸੰਭਾਲੀ ਤਾਂ ਕਹਿਣ ਲੱਗੇ, ਭਾਈ, ਚਲੋ ਚਲੀਏ। ਤੁਸੀਂ ਇਥੇ ਕਾਹਦੇ ਲਈ ਖੜੇ ਹੋਏ ਜੇ, ਚਲੋ ਕਿਧਰ ਨੂੰ ਜਾਣਾ ਹੈ, ਚਲੀਏ। ਇਸ ਤਰ੍ਹਾਂ ਦੀਆਂ ਆਤਮਕ ਉਡਾਰੀਆਂ ਦੀਆਂ ਖੇਡਾਂ ਤਾਂ ਡਾਕਟਰ ਜੀ ਦੇ ਜੀਵਨ ਵਿਚ ਨਿੱਤ ਨਵੇਂ ਦਿਨ ਵਾਪਰਦੀਆਂ ਰਹਿੰਦੀਆਂ ਸਨ।

**ਕੁਰਾਲੀ ਵਿਖੇ ਰੈਣ ਸਬਾਈ ਕੀਰਤਨ–**

ਇਕੇਰਾਂ ਕੁਰਾਲੀ ਵਿਖੇ ਰੈਣ ਸਬਾਈ ਕੀਰਤਨ ਸਨ। ਭਾਈ ਤੇਜਿੰਦਰ ਸਿੰਘ ਜੀ ਦੇ ਦਸਣ ਮੁਤਾਬਕ



www.AKJ.Org

ਇਹ ਕੀਰਤਨ-ਅਖਾੜਾ ਸ: ਗੁਰਇਕਬਾਲ ਸਿੰਘ ਜੀ ਦੇ ਗ੍ਰਿਹਿ ਵਿਖੇ ਹੀ ਸਜਿਆ ਸੀ, ਜਿਨ੍ਹਾਂ ਦਾ ਜ਼ਿਕਰ ਪਿਛੇ ਆ ਚੁਕਾ ਹੈ। ਸ: ਗੁਰਇਕਬਾਲ ਸਿੰਘ ਡਾਕਟਰ ਜੀ ਦੇ ਬਹਿਨੋਈ ਸਨ। ਇਹਨਾਂ ਦਾ ਡਾਕਟਰ ਜੀ ਹੋਰਾਂ ਨਾਲ ਕੋਈ ਪਰਾ ਪੂਰਬਲਾ ਹੀ ਸੰਜੋਗ ਸੀ। ਡਾਕਟਰ ਜੀ ਚੰਡੀਗੜ੍ਹ ਤੋਂ ਭਾਈ ਤੇਜਿੰਦਰ ਸਿੰਘ ਜੀ ਨਾਲ ਇਕੱਠੇ ਹੀ ਰੈਣ ਸਬਾਈ ਤੇ ਕੁਰਾਲੀ ਪੁਜੇ। ਸਾਰੀ ਰਾਤ ਕੀਰਤਨ ਬੜੇ ਹੀ ਰੰਗਾਂ ਵਿਚ ਹੋਇਆ। ਜਦੋਂ ਆਤਮ-ਵਿਗਾਸੀ ਰੂਹਾਂ ਅੰਮ੍ਰਿਤ-ਬਾਣੀ ਦੇ ਕੀਰਤਨ ਵਿਚ ਆ ਜੁੜਦੀਆਂ ਹਨ ਤਾਂ ਚਲੂਲੇ ਰੰਗ ਹੀ ਖਿੜ ਜਾਂਦੇ ਹਨ। ਡਾਕਟਰ ਜੀ ਸਾਰੀ ਰਾਤ ਸਭ ਤੋਂ ਪਿਛੇ ਜੋੜਿਆਂ 'ਚ ਹੀ ਕੀਰਤਨ ਨਾਲ ਜੁੜੇ ਰਹੇ। ਇਸ ਸਮਾਗਮ ਵਿਖੇ ਡਾਕਟਰ ਜੀ ਨੇ ਵੀ ਕੀਰਤਨ ਦੀ ਹਾਜ਼ਰੀ ਭਰੀ ਅਤੇ ਐਸੇ ਕੀਰਤਨ 'ਚ ਜੁੜੇ ਕਿ ਸਾਰੀ ਸੰਗਤ ਹੀ ਵਿਸਮਾਦੀ ਰੰਗਣ ਵਿਚ ਰੰਗੀਜੀ ਗਈ। ਅਖੰਡ ਕੀਰਤਨੀ ਜਥੇ ਦੇ ਨਿਰੰਕਾਰੀ ਨਾਮ ਦੇ ਅਹਾਰੀਆਂ ਦਾ ਬਣਿਆ ਤਣਿਆ ਜਥਾ ਅਮਰੋਂ ਹੀ ਐਸਾ ਜੁੜਿਆ ਕਿ ਗੁਰਮੰਤ੍ਰ ਦੀਆਂ ਬਿਸਮਾਦੀ ਧੁਨੀਆਂ ਦਸਮ ਦੁਆਰੜੇ ਦੇ ਰੰਗ ਬਖਸ਼ ਬਖਸ਼ ਜਾਣ। ਇਸ ਤਰ੍ਹਾਂ ਕੀਰਤਨ ਵਿਚ ਹੀ ਮਸਤੋ ਮਸਤ ਸਾਰੀ ਸੁਖ ਬਿਹਾਨੀ ਰਾਤਰੀ ਬਤੀਤ ਹੋਈ। ਭੋਗ ਪਏ।

ਡਾਕਟਰ ਜੀ ਅਤੇ ਭਾਈ ਤੇਜਿੰਦਰ ਸਿੰਘ ਜੀ ਬੱਸ ਅੱਡੇ ਵਲ ਜਾਣ ਲਈ ਤਿਆਰੇ ਕਰਨ ਲਗੇ ਤਾਂ ਭਾਈ ਤੇਜਿੰਦਰ ਸਿੰਘ ਨੇ ਡਾਕਟਰ ਜੀ ਨੂੰ ਕਿਹਾ ਕਿ ਤੁਹਾਡੇ ਬਹਿਨੋਈ ਨੂੰ ਬੇਨਤੀ ਕਰ ਵੇਖੀਏ ਕਿ ਉਹ ਵੀ ਜਥੇ 'ਚ ਪੇਸ਼ ਹੋ ਅੰਮ੍ਰਿਤਧਾਰੀ ਖਾਲਸੇ ਸਜ ਜਾਣ ਅਤੇ ਪੰਜ ਕਕਾਰੀ ਰਹਿਤ ਵਿਚ ਤਿਆਰ ਬਰ ਤਿਆਰ ਰਿਹਾ ਕਰਨ। ਡਾਕਟਰ ਜੀ ਮੁਸਕ੍ਰਾ ਕੇ ਕਹਿਣ ਲੱਗੇ, 'ਛੱਡ ਯਾਰ, ਆ ਚੱਲੀਏ।'' ਅਤੇ ਇੰਨਾ ਕਹਿ ਕੇ ਉਹ ਬੱਸ ਅੱਡੇ ਵਲ ਨੂੰ ਤੁਰ ਪਏ। ਪਰ ਭਾਈ ਤੇਜਿੰਦਰ ਸਿੰਘ ਜੀ ਦੇ ਮਨ ਵਿਚ ਆਇਆ ਕਿ ਚਲੋ ਜੇ ਡਾਕਟਰ ਜੀ ਨਹੀਂ ਕਹਿੰਦੇ ਤਾਂ ਮੈਂ ਇਕੱਲਾ ਹੀ ਉਹਨਾਂ ਨੂੰ ਬੇਨਤੀ ਕਰ ਵੇਖਦਾ ਹਾਂ। ਇਤਨਾ ਸੋਚ ਕੇ ਤੇਜਿੰਦਰ ਸਿੰਘ ਹੋਰੀਂ ਉਹਨਾਂ ਦੇ ਕਮਰੇ ਵਿਚ ਚਲੇ ਗਏ, ਜਿਥੇ ਉਹ ਇਕ ਬੜੇ ਵੱਡੇ ਸ਼ਹਿਨਸ਼ਾਹੀ ਪਲੰਘ ਤੇ ਅਮੀਰੀ ਠਾਠ ਵਿਚ ਬਿਰਾਜੇ ਹੋਏ ਸਨ। ਭਾਈ ਤੇਜਿੰਦਰ ਸਿੰਘ ਜੀ ਕਹਿਣ ਲਗੇ, ''ਵੀਰ ਜੀ, ਸੱਚੇ ਪਾਤਸ਼ਾਹ ਜੀ ਦੀ ਮਹਾਨ ਕਿਰਪਾ ਹੈ, ਸਤਿਗੁਰੂ ਜੀ ਨੇ ਆਪ ਨੂੰ ਸਭ ਸੁਖ ਅਰਾਮ ਬਖਸ਼ੇ ਹਨ। ਆਪ ਦੇ ਪ੍ਰਵਾਰਿਕ ਦਾਇਰੇ ਚੋਂ ਡਾਕਟਰ ਸੁਰਿੰਦਰ ਸਿੰਘ ਜੀ ਇਕ ਪੁਜੇ ਹੋਏ ਮਹਾਨ ਗੁਰਸਿਖ ਹਨ। ਪਰ ਦਾਸ ਨੂੰ ਇਹ ਹੈਰਾਨਗੀ ਹੈ ਕਿ ਤੁਸੀਂ ਅਜੇ ਤਕ ਪੰਜ ਕਕਾਰੀ ਰਹਿਤ ਬਹਿਤ ਤੋਂ ਵੰਚਿਤ ਕਿਉਂ ਹੋ ? ਕਿਹਾ ਚੰਗਾ ਹੋਵੇ ਜੇ ਤੁਸੀਂ ਵੀ ਪੰਜਾਂ ਪਿਆਰਿਆਂ ਦੇ ਪੇਸ਼ ਹੋ ਕੇ ਅੰਮ੍ਰਿਤ ਛਕ ਲਵੋ। ਇਤਨਾ ਕਹਿ ਕੇ ਭਾਈ ਤੇਜਿੰਦਰ ਸਿੰਘ ਜੀ ਉਹਨਾਂ ਦੇ ਉਤਰ ਦੀ ਉਡੀਕ ਕਰਨ ਲਗ ਪਏ। ਸ਼ਾਹੀ ਠਾਠ ਵਾਲੇ ਪਲੰਘ ਤੋਂ ਸਰਦਾਰ ਸਾਹਿਬ ਉਠੇ ਅਤੇ ਤੇਜਿੰਦਰ ਸਿੰਘ ਨੂੰ ਕਹਿਣ ਲੱਗੇ, ''ਮੈਂ ਤਾਂ ਇਹ ਕਹਿੰਦਾ ਹਾਂ ਕਿ ਰੱਬ ਇਕ ਕੰਮ ਕਰੇ ਕਿ ਤੁਸੀਂ ਮੇਰੀ ਜਗ੍ਹਾ ਬੈਠ ਜਾਉ ਅਤੇ ਮੈਂ ਤੁਹਾਡੀ ਜਗ੍ਹਾ ਬੈਠ ਜਾਨਾ ਹਾਂ।'' ਇਹ ਜਵਾਬ ਸੁਣ ਕੇ ਭਾਈ ਤੇਜਿੰਦਰ ਸਿੰਘ ਜੀ ਥੋੜਾ ਜਿਹਾ ਕੰਬੇ ਅਤੇ ਫ਼ੌਰਨ ਉਥੋਂ ਫਤਹ ਬੁਲਾ ਕਾਹਲੇ ਕਾਹਲੇ ਕਦਮੀਂ ਬੱਸ ਸਟੈਂਡ ਵੱਲ ਨੂੰ ਨਸ ਪਏ। ਡਾਕਟਰ ਜੀ ਅਗੇ ਵਿਸਮਾਦੀ ਰੰਗਾਂ ਵਿਚ ਮਸਤ ਖੜੇ ਸਨ ਅਤੇ ਤੇਜਿੰਦਰ ਸਿੰਘ ਨੂੰ ਦੇਖਣ ਸਾਰ ਹੀ ਕਹਿਣ ਲੱਗੇ, ''ਬੜੀ ਜਲਦੀ ਕੀਤੀ ਭਜਣ ਦੀ, ਜਿਵੇਂ ਉਹ ਕਹਿੰਦਾ ਸੀ, ਕਰ ਦੇਣਾ ਸੀ। ਬੜੇ ਕਾਹਲੇ ਕਦਮੀਂ ਆ ਰਿਹਾ ਏਂ।'' ਭਾਈ ਤੇਜਿੰਦਰ ਸਿੰਘ ਜੀ ਆਪਣੀ ਕਰਨੀ ਕਰਕੇ ਕੁਝ ਲਜਿਤ ਹੋਏ। ਫਿਰ ਡਾਕਤਰ ਜੀ ਬੜੇ ਹੀ ਸਹਿਜ ਵਿਚ ਕਹਿਣ ਲਗੇ, ਭਾਈ, ਗੁਰੂ ਕੀ ਕਰਣੀ ਵਿਚ ਕਉਣ ਮੋੜ ਘੋੜ ਕਰ ਸਕਦਾ ਹੈ। ਗੁਰੂ ਦੀ ਰਜ਼ਾ ਵਿਚ ਦਖ਼ਲ ਨਹੀਂ ਦੇਣਾ ਚਾਹੀਦਾ।

**ਬੱਸ ਅੱਡੇ ਤੇ ਇਕ ਸਿਗਰਟ ਪੀਣ ਵਾਲੇ ਦੀ ਵਾਰਤਾ–**

ਕੁਦਰਤ ਨੇ ਜਿੰਨੇ ਵੀ ਭਾਂਡੇ ਸਾਜੇ ਹਨ, ਕੋਈ ਵੀ ਕਿਸੇ ਨਾਲ ਨਹੀਂ ਮਿਲਦਾ। ਜਿਵੇਂ ਬਾਹਰੀ



www.AKJ.Org

ਸ਼ਕਲਾਂ ਵਿਚ ਫ਼ਰਕ ਹੁੰਦਾ ਹੈ, ਤਿਵੇਂ ਹੀ ਹਰ ਇਕ ਦੀ ਬੁਧ ਤੇ ਵਿਚਾਰਾਂ ਦੀ ਕੜੀ ਵੀ ਵੱਖੋ ਵੱਖ ਹੁੰਦੀ ਹੈ। ਜੇ ਕੋਈ ਇਕ ਜੋਸ਼ੀਲਾ ਹੈ ਤਾਂ ਦੂਜਾ ਸ਼ਾਂਤ-ਚਿਤ ਜੀਅੜਾ ਸੀਤਲਤਾ ਦਾ ਭੰਡਾਰ ਹੈ। ਇਸੇ ਤਰ੍ਹਾਂ ਦਾ ਫ਼ਰਕ ਡਾਕਟਰ ਜੀ ਦੀਆਂ ਯਾਦਾਂ ਵਿਚੋਂ ਸਾਹਮਣੇ ਆਉਂਦਾ ਹੈ।

ਇਕੇਰਾਂ ਭਾਈ ਤੇਜਿੰਦਰ ਸਿੰਘ ਜੀ ਅਤੇ ਡਾਕਟਰ ਜੀ ਬਸ-ਅੱਡੇ ਤੇ ਬੱਸ ਦੀ ਉਡੀਕ ਕਰ ਰਹੇ ਸਨ। ਦੂਰ ਖਲੋਤਾ ਇਕ ਹਿੰਦੂ ਸਾਦੇ ਜਿਹੇ ਲਿਬਾਸ ਵਿਚ ਸਿਗਰਟ ਪੀ ਰਿਹਾ ਸੀ। ਹਵਾ ਦਾ ਰੁਖ਼ ਇਸ ਪਾਸੇ ਵਲ ਦਾ ਹੋਣ ਕਰਕੇ ਸਾਰੀ ਬਦਬੂ ਇਧਰ ਨੂੰ ਆ ਰਹੀ ਸੀ। ਭਾਈ ਤੇਜਿੰਦਰ ਸਿੰਘ ਦਾ ਜੋਸ਼ੀਲਾ ਸੁਭਾ ਹੈ, ਸੋ ਉਨ੍ਹਾਂ ਦਾ ਜੋਸ਼ ਵਿਚ ਆ ਜਾਣਾ ਕੁਦਰਤੀ ਸੀ। ਡਾਕਟਰ ਜੀ ਨੂੰ ਕਹਿਣ ਲੱਗੇ, "ਮੈਂ ਇਸ ਚਲਦੀ ਫਿਰਦੀ ਸਿਗਰਟ ਨੂੰ ਜ਼ਰਾ ਸੋਧਾ ਫੇਰਾਂ, ਕਿਥੇ ਖੜਾ ਗੰਦਗੀ ਖਿਲਾਰ ਰਿਹਾ ਹੈ।" ਇਧਰ ਡਾਕਟਰ ਜੀ ਸ਼ਾਂਤੀ ਦੇ ਪੁੰਜ, ਕਹਿਣ ਲੱਗੇ, "ਭਾਈ, ਆਪਾਂ ਥੋੜਾ ਅਗਾਂਹ ਹੋ ਜਾਂਦੇ ਹਾਂ, ਉਹਨੂੰ ਕਾਹਨੂੰ ਕੁਝ ਕਹਿਣਾ ਹੈ। ਝਗੜਾ ਠੀਕ ਨਹੀਂ ਹੁੰਦਾ।" ਪਰ ਤੇਜਿੰਦਰ ਸਿੰਘ ਜੀ ਕਹਿਣ ਲੱਗੇ, "ਇਹੋ ਜਿਹੇ ਬਦਬੂ ਪੈਦਾ ਕਰਨ ਵਾਲਿਆਂ ਨੂੰ ਖ਼ੂਬ ਕੁਟਾਪਾ ਚਾੜ੍ਹਨਾ ਚਾਹੀਦਾ ਹੈ ਅਤੇ ਤੁਸੀਂ ਕਹਿ ਰਹੇ ਜੇ, ਚਲੋ ਅਸੀਂ ਆਪੇ ਹੀ ਪਰੇ ਹੋ ਜਾਂਦੇ ਹਾਂ। ਉਹ ਕਿਉਂ ਨਹੀਂ ਪਰੇ ਹੋ ਸਕਦਾ।" ਪਰ ਡਾਕਟਰ ਜੀ ਫਿਰ ਇਹੋ ਕਹਿਣ ਲੱਗੇ, "ਛੱਡ ਯਾਰ, ਰਹਿਣ ਦੇ, ਕਿਸੇ ਦੇ ਕੰਮ ਵਿਚ ਦਖਲ-ਅੰਦਾਜ਼ੀ ਨਹੀਂ ਕਰੀਦੀ।"

ਇਤਨਾ ਵਿਚਾਰ ਅਜੇ ਚਲ ਹੀ ਰਿਹਾ ਸੀ ਕਿ ਸਿਗਰਟ ਪੀਣ ਵਾਲਾ ਸਾਦਾ ਜਿਹਾ ਆਦਮੀ ਸਿਗਰਟ ਨੂੰ ਵਗਾਹ, ਨਲਕੇ ਤੋਂ ਹੱਥ ਧੋ, ਇਨ੍ਹਾਂ ਵਲ ਨੂੰ ਆ ਗਿਆ। ਉਸ ਨੇ ਲਾਗੇ ਆ ਕੇ ਸਿਧੇ ਭਾਈ ਤੇਜਿੰਦਰ ਸਿੰਘ ਦੇ ਗੋਡਿਆਂ ਨੂੰ ਫੜ ਲਿਆ ਅਤੇ ਕਹਿਣ ਲੱਗਾ, "ਬਾਬਾ ਜੀ, ਮੈਨੂੰ ਮੁਆਫ਼ ਕਰ ਦੇਣਾ। ਮੈਂ ਦੂਰ ਖਲੋਤਾ ਸਿਗਰਟ ਪੀ ਰਿਹਾ ਸਾਂ। ਹੁਣ ਮੈਂ ਬਿਲਕੁਲ ਸਿਗਰਟ ਨਹੀਂ ਪੀਵਾਂਗਾ, ਕੇਸ ਕਤਲ ਨਹੀਂ ਕਰਾਵਾਂਗਾ।" ਭਾਈ ਤੇਜਿੰਦਰ ਸਿੰਘ ਜੀ ਉਸਨੂੰ ਪਰੇ ਕਰਨ, ਪਰ ਉਹ ਫਿਰ ਫਿਰ ਤੇਜਿੰਦਰ ਸਿੰਘ ਦੇ ਪੈਰੀਂ ਹਥ, ਗੋਡੀਂ ਹੱਥ ਲਾਈ ਜਾਵੇ ਅਤੇ ਕਹੇ ਕਿ ਮੈਨੂੰ ਆਪਣੇ ਵਰਗਾ ਬਣਾ ਲਉ। ਤੇਜਿੰਦਰ ਸਿੰਘ ਜੀ ਦਾ ਹੱਥ ਫੜ ਆਪਣੇ ਸਿਰ ਤੇ ਰੱਖੇ ਅਤੇ ਕਹੇ ਕਿ ਮੈਨੂੰ ਅਸੀਸ ਦਿਉ ਅਤੇ ਸਿਖੀ ਬਖਸ਼ੋ। ਮੇਰੇ ਸਾਰੇ ਬੰਧਨ ਕਟ ਦਿਉ, ਕਰੋ ਕਿਰਪਾ ਮੈਨੂੰ ਆਪਣੇ ਨਾਲ ਮਿਲਾ ਲਉ। ਇਹ ਸਾਰਾ ਨਜ਼ਾਰਾ ਡਾਕਟਰ ਜੀ ਕੋਲ ਖੜੇ ਇਉਂ ਦੇਖ ਰਹੇ ਸਨ ਅਤੇ ਮੁਸਕ੍ਰਾ ਰਹੇ ਸਨ ਜਿਵੇਂ ਕਿ ਸਾਰੀ ਬਿਧ ਸਿਰਫ਼ ਤੇਜਿੰਦਰ ਸਿੰਘ ਜੀ ਨੂੰ ਸਮਝਾਉਣ ਖ਼ਾਤਰ ਹੀ ਰਚੀ ਗਈ ਹੈ। ਭਾਈ ਤੇਜਿੰਦਰ ਸਿੰਘ ਜੀ ਕਹਿੰਦੇ ਹਨ ਕਿ ਜਦੋਂ ਉਹ ਆਦਮੀ ਮੇਰਾ ਖਹਿੜਾ ਹੀ ਨਾ ਛੱਡੇ ਤਾਂ ਮੈਂ ਡਾਕਟਰ ਜੀ ਵੱਲ ਵੇਖ ਕੇ ਕਿਹਾ, "ਡਾਕਟਰ ਜੀ, ਮੇਰਾ ਖਹਿੜਾ ਕਿਉਂ ਨਹੀਂ ਛੁਡਾਉਂਦੇ ਇਸ ਕੋਲੋਂ!" ਤਾਂ ਡਾਕਟਰ ਜੀ ਸਹਿਜ ਸੁਭਅ ਵਿਚ ਕਹਿਣ ਲੱਗੇ, "ਭਾਈ, ਤੂੰ ਤਾਂ ਇਸ ਨਾਲ ਲੜਨ ਨੂੰ ਤਿਆਰ ਸੀ। ਪਰ ਹੁਣ ਜੋ ਕੁਝ ਉਹ ਤੇਰੇ ਕੋਲੋਂ ਚਾਹੁੰਦਾ ਹੈ, ਹਿੰਮਤ ਹੈ ਤਾਂ ਉਸਨੂੰ ਬਖਸ਼ ਦੇ।" ਇੰਨਾ ਕਹਿ ਡਾਕਟਰ ਜੀ ਅੰਦਰੇ ਅੰਦਰ ਹੱਸੀ ਜਾਣ ਅਤੇ ਇਸ ਸਾਰੀ ਖੇਡ ਨੂੰ ਵਾਚੀ ਜਾਣ। ਹਾਰ ਥਕ ਮਸਾਂ ਹੀ ਤੇਜਿੰਦਰ ਸਿੰਘ ਹੋਰਾਂ ਨੇ ਉਸ ਸਿਗਰਟ-ਨੋਸ਼ ਤੋਂ ਆਪਣੀ ਜਾਨ ਛੁਡਾਈ। ਜਦ ਉਹ ਥੋੜੀ ਦੂਰ ਚਲਾ ਗਿਆ ਤਾਂ ਡਾਕਟਰ ਜੀ ਕਹਿਣ ਲਗੇ, "ਸੁਣਾ ਭਈ, ਕਿਵੇਂ ਬੀਤੀ ਅਤੇ ਫਿਰ ਬੜੇ ਹੀ ਰੰਗੀਲੇ ਲਹਿਜੇ ਵਿਚ ਕਹਿਣ ਲੱਗੇ, "ਭਾਈ, ਕਿਸੇ ਦੇ ਕੰਮ ਵਿਚ ਬਿਨਾਂ ਬੁਲਾਏ ਦਖ਼ਲ ਨਹੀਂ ਦੇਣਾ ਚਾਹੀਦਾ। ਵਾਹਿਗੁਰੂ ਪਿਤਾ ਜਾਣੇ, ਉਸਦੇ ਹੀ ਸਭ ਰੰਗ ਹਨ। ਸਾਨੂੰ ਲੋਕਾਂ ਨੂੰ ਪਹਿਲਾਂ ਆਪਣਾ ਆਪ ਸੁਧਾਰਨ ਦੀ ਲੋੜ ਹੈ—"ਔਰਨ ਕਹਾਂ ਉਪਦੇਸਤ ਹੈ ਪਸੁ, ਤੋਹਿ ਪ੍ਰਬੋਧ ਨ ਲਾਗੋ ॥" ਅਤੇ ਫਿਰ ਕਹਿਣ ਲਗੇ, ਭਾਈ, "ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ" ॥ (੩੮੧)

[ਬਾਕੀ ਵੇਖੋ ਸਫ਼ਾ ੨੫ ਦੇ ਹੇਠ]



www.AKJ.Org

# ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥

ਸੂਹੀ ਮ: ੫, ਪੰਨਾ ੭੪੯

੧੬੯੯ ਈਸਵੀ ਦੀ ਵਿਸਾਖੀ ਵਾਲੇ ਦਿਨ ਕੇਸਗੜ੍ਹ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਦਸਮੇਸ਼ ਪਾਤਸ਼ਾਹ ਜੀ ਦੇ, ਖਾਲਸ਼ਾ ਜੀ ਦੀ ਸਿਰਜਣਾ ਵਾਲੇ ਕੌਤਕ ਦੇ ਉਦੇਸ਼ ਨੂੰ ਆਮ ਲੁਕਾਈ ਦੇ ਸਾਹਮਣੇ, ਸਾਡੇ ਇਤਿਹਾਸਕਾਰ ਕੁਝ ਠੀਕ ਢੰਗ ਨਾਲ ਪੇਸ਼ ਨਹੀਂ ਕਰ ਸਕੇ।

ਸਿਖ ਸੰਗਤਾਂ ਨਾਲ ਖਚਾ ਖਚ ਭਰੇ ਦੀਵਾਨ ਵਿਚੋਂ, ਦਸਮੇਸ਼ ਜੀ ਦਾ ਬੀਰ-ਰਸੀ ਤੇ ਭੈ-ਭੀਤ ਲਹਿਜੇ ਵਿਚ ਵਾਰੀ ਵਾਰੀ ਪੰਜਾਂ ਸਿੰਘਾਂ ਤੇ ਸੀਸਾਂ ਦੀ ਮੰਗ ਕਰਨਾ ਅਤੇ ਫਿਰ ਵਾਰੀ ਵਾਰੀ ਪੰਜਾਂ ਨੂੰ ਹੀ ਬਾਹੋਂ ਫੜ ਕੇ ਤੇ ਖਿਚ ਕੇ ਤੰਬੂ ਅੰਦਰ ਲਿਜਾਣਾ ਤੇ ਸ੍ਰੀ ਸਾਹਿਬ ਦੇ ਵਾਰ ਦੀ ਅਵਾਜ਼ ਆਉਣੀ ਅਤੇ ਫਿਰ ਲਹੂ ਦੀ ਧਾਰਾ ਤੰਬੂ ਤੋਂ ਬਾਹਰ ਵਗ ਤੁਰਨੀ ਇਕ ਡਾਢਾ ਰੌਚਕ ਨਜ਼ਾਰਾ ਸੀ। ਕੀ ਇਹ ਕੋਈ ਸਾਧਾਰਨ ਜਹੀ ਹੀ ਗੱਲ ਸੀ? ਕੀ ਇਸ ਤਰ੍ਹਾਂ ਦੇ ਅਚਰਜ ਕਲਾ-ਕ੍ਰਿਸ਼ਮੀ-ਕੌਤਕ ਦਾ ਮੰਤਵ ਦੌਲਤ ਰਾਏ ਦੀਆਂ ਨਜ਼ਰਾਂ ਅਨੁਸਾਰ ਕੇਵਲ ਹਿੰਦੂਆਂ ਦੀ ਰਖਿਆ ਖ਼ਾਤਰ ਹੀ ਸਭ ਕੁਝ ਸੀ? ਅਤੇ ਹੋਰ ਸਿਖ ਇਤਿਹਾਸਕਾਰਾਂ ਦੇ ਕਥਨ ਅਨੁਸਾਰ ਕੇਵਲ ਬੀਰਤਾ ਪੈਦਾ ਕਰਨਾ ਹੀ ਸੀ?

ਨਹੀਂ ਨਹੀਂ, ਇਹੋ ਹੀ ਨਹੀਂ, ਸਗੋਂ ਇਸ ਕਲਾ-ਕ੍ਰਿਸ਼ਮੀ ਕੌਤਕ ਦਾ ਮੰਤਵ 'ਜੀਅ ਦਾਨੁ ਦੇ ਭਗਤੀ ਲਾਇਨਿ' ਗੁਰਵਾਕ ਅਨੁਸਾਰ ਜੀਅ-ਦਾਨ ਦੀ ਗੁੜ੍ਹਤੀ ਦੇਣ ਵਾਲੇ ਮਿਸ਼ਨ ਨੂੰ ਸਦਾ ਸਦਾ ਲਈ ਕਾਇਮ ਦਾਇਮ ਰਖਣਾ ਸੀ। ਦਸਮੇਸ਼ ਜੀ ਨੇ ਇਸ ਤਰ੍ਹਾਂ ਖਾਲਸੇ ਦੀ ਅਨੋਖੀ ਪਰਖ ਕਰ ਕੇ "ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ" (੯੧੮) ਦੇ ਹੁਕਮ ਅਨੁਸਾਰ ਖਾਲਸੇ ਨੂੰ ਸਭ ਕੁਝ ਗੁਰੂ-ਅਰਪਣ ਕਰ ਕੇ ਪੂਰਨ ਮਨੁਖ ਬਣਾਉਣਾ ਸੀ ਅਤੇ "ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ" ਦਾ ਸਾਂਗ ਵਰਤਾਉਣਾ ਸੀ। ਇਹ ਕੌਤਕ ਰਚਾ ਕੇ ਉਹ ਆਪੇ ਖਾਲਸੇ ਦੇ ਗੁਰੂ ਬਣੇ ਤੇ ਫਿਰ ਆਪੇ ਖਾਲਸੇ ਦਾ ਚੇਲਾ ਬਣ ਕੇ ਗੁਰੂ-ਕਲਾ ਵਰਤਾਉਣ ਵਾਲੀ ਪੂਰਨ ਸ਼ਕਤੀ ਖਾਲਸਾ ਜੀ ਨੂੰ ਸੌਂਪ ਦਿਤੀ। ਆਪਣਾ ਜਾਮਾ ਸਮੇਟਣ ਤੋਂ ਪਹਿਲਾਂ ਆਪਣੀ ਪੂਰਨ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਕਰ ਕੇ, ਖਾਲਸਾ ਜੀ ਨੂੰ ਇਸ ਜੋਤਿ ਦੇ ਤਾਬੇ ਰਹਿ ਕੇ ਜੁਗਤ ਵਰਤਾਉਣ ਦੇ ਪੂਰਨ ਅਧਿਕਾਰ ਬਖਸ਼ ਦਿਤੇ। ਸੋ ਹੁਣ ਜੁਗਾਂ ਪ੍ਰਯੰਤ, ਜਦ ਤਕ ਇਹ ਸ੍ਰਿਸ਼ਟੀ ਕਾਇਮ ਹੈ, ਦਸਮੇਸ਼ ਜੀ ਦੇ ਇਸ ਮਿਸ਼ਨ ਨੂੰ ਖਾਲਸਾ ਪਰਚਾਰਦਾ ਰਹੇਗਾ ਅਤੇ ਸਮੂਹ ਸ੍ਰਿਸ਼ਟੀ ਦੇ ਜੀਵ ਗੁਰੂ-ਘਰ ਤੋਂ ਖਾਲਸਾ ਜੀ ਦੇ ਰਾਹੀਂ ਗੁਰ-ਦੀਖਿਅਤ ਹੋ ਕੇ ਉਧਰਦੇ ਰਹਿਣਗੇ। ਚਹੁੰ ਜੁਗਾਂ ਤੋਂ ਜੂਨਾਂ ਵਿਚ ਭਟਕਦੇ ਆ ਰਹੇ ਜੀਵਾਂ ਦਾ ਨਿਸਤਾਰਾ ਕੇਵਲ ਇਸੇ ਬਿਧਿ ਹੋ ਸਕਦਾ ਹੈ ਤੇ ਹੁੰਦਾ ਰਹੇਗਾ। ਕਲਿਜੁਗੁ ਉਧਾਰਿਆ ਗੁਰਦੇਵ ॥

ਮਲ ਮੂਤ ਮੂੜ ਜਿ ਮੁਘਦ ਹੋਤੇ ਸਭਿ ਲਗੇ ਤੇਰੀ ਸੇਵ ॥

ਆਸਾ ਮਹਲਾ ੫, ਪੰਨਾ ੪੦੯

ਕਲਜੁਗ ਵਿਚ ਗੁਰੂ ਨਾਨਕ ਦੇਵ ਜੀ ਦਾ ਰਾਜ ਹੈ। ਵਾਹਿਗੁਰੂ ਨਿਰੰਕਾਰ ਅਤੇ ਗੁਰੂ ਨਾਨਕ ਸਾਹਿਬ ਨੂੰ ਇਹੋ ਭਾਉਂਦਾ ਹੈ ਕਿ ਸਮੂਹ ਸ੍ਰਿਸ਼ਟੀ ਦੇ ਜੀਵ ਨਾਮ ਜਪਣ, ਅਤੇ ਇਸ ਤਰ੍ਹਾਂ ਨਾਸ ਜਪ ਕੇ ਜਨਮ ਮਰਨ ਤੋਂ ਛੁਟਕਾਰਾ ਪਾ ਕੇ ਵਾਹਿਗੁਰੂ ਨਾਲ ਇਕ-ਮਿਕ ਹੋ ਜਾਣ। ਸ੍ਰੀ ਗੁਰੂ ਨਾਨਕ ਦੇਵ ਜੀ ਇਸੇ ਮਿਸ਼ਨ ਨੂੰ ਲੈ ਕੇ ਇਸ ਸੰਸਾਰ ਵਿਚ ਅਵਤਰੇ ਅਤੇ ਸੰਸਾਰੀ ਜੀਵਾਂ ਦੇ ਸਾਹਮਣੇ ਦਸ ਜਾਮੇ ਆਪ ਖ਼ੁਦ ਅਜਿਹੀ ਜੀਵਨੀ ਜੀਊ ਕੇ, ਸੁਖੈਨ ਹੀ ਮੋਖ ਪਦਵੀ ਪ੍ਰਾਪਤ ਕਰਨ



www.AKJ.Org

# ਪੰਜ ਪਿਆਰਿਆਂ ਰਾਹੀਂ ਦਿਤਾ ਨਾਮ ਹੀ ਫਲੀਭੂਤ ਹੁੰਦਾ ਹੈ

(ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ)

ਸਤਿਗੁਰੂ ਸੱਚੇ ਦੇ ਪਾਸੋਂ ਸਿਮਰਨ ਦੀ ਦਾਤਿ ਪ੍ਰਾਪਤ ਕਰ ਕੇ ਸਿਖਾਂ ਪਾਸੋਂ ਕੋਈ ਲੇਖਾ ਨਹੀਂ ਮੰਗ ਸਕਦਾ; ਕਿਉਂਕਿ ਸਤਿਗੁਰੂ ਪਾਸੋਂ ਹੀ ਪ੍ਰਾਪਤ ਹੋਈ ਸਿਮਰਨ-ਦਾਤਿ ਸਫਲ ਕਮਾਈ ਵਾਲੀ ਅਤੇ ਪੂਰੀ ਹੋ ਕੇ ਉਤਰਦੀ ਹੈ। ਸਿਮਰਨ ਦੀ ਦਾਤਿ ਰੂਪੀ ਸੱਚੀ ਵੱਥ ਕੇਵਲ ਗੁਰੂ ਘਰ ਵਿਖੇ ਹੀ ਹੈ। ਗੁਰੂ ਤੋਂ ਬਾਹਰ ਤਾ ਇਹ ਸੱਚੀ ਵੱਥ ਉੱਕੀ ਹੈ ਭੀ ਨਹੀਂ। ਗੁਰੂ ਘਰ ਤੋਂ ਬਾਹਰਲੇ ਅਤੇ ਗੁਰਮਤਿ ਤੋਂ ਘੁੱਥੇ ਹੋਏ ਭੇਖੀ ਗੁਰੂ ਦੇ ਹੱਥ ਪੱਲੇ ਤਾਂ ਇਹ ਵੱਥ ਨਮੂਦ ਮਾਤਰ ਭੀ ਹੈ ਨਹੀਂ। ਗੁਰੂ ਘਰ ਦੇ ਅੰਦਰ ਭੀ ਇਸ ਵੱਥ ਦਾ ਸੱਚਾ ਭੰਡਾਰੀ-ਦਾਤਾ ਕੇਵਲ ਸਤਿਗੁਰੂ ਹੈ। ਜੋ ਸਤਿਗੁਰੂ ਤੋਂ ਇਸ ਸੱਚੀ ਵੱਥ ਦੀ ਦਾਤਿ ਪਾਉਂਦੇ ਹਨ ਸੋ ਰੱਜ ਖਾਂਦੇ ਹਨ। ਜੋ ਮੰਗਤੇ ਪਾਸੋਂ ਲੈ ਕੇ ਖਾਂਦੇ ਹਨ ਸੋ ਅਧੂਰੇ, ਅਧ–ਭੁਖੇ ਯਾ ਭੁਖੇ ਅਤੇ ਊਰੇ ਹੀ ਰਹਿ ਜਾਂਦੇ ਹਨ। ਤਨਕ ਮਾਤਰ ਕੁਛ ਪਾਉਂਦੇ ਹਨ ਤਾਂ ਪਾਰ ਨਹੀਂ ਵਸਾਉਂਦੇ। ਪੂਰੇ ਦਾਤਾਰ ਸਤਿਗੁਰੂ ਪਾਸੋਂ ਪਾਈ ਸਿਮਰਨ-ਮੋਈ ਦਾਤਿ-ਇਲਾਹੀ ਪੂਰੀ ਉਤਰਦੀ ਹੈ।

ਪੂਰੇ ਸਤਿਗੁਰੂ ਦੀ ਗੁਰੱਤ-ਕਲਾ-ਸ਼ਕਤੀ ਪੰਜਾਂ ਗੁਰਮੁਖ ਸਿਖਾਂ ਦੇ ਪੂਰ (ਪੁੰਜ) ਵਿਚ ਹੀ ਪੂਰੀ ਵਰਤਦੀ ਹੈ। ਗੁਰ ਪਰਮੇਸ਼ਰੀ ਵਾਰਦ ਹੋਈ (ਪ੍ਰਵੇਸ਼ ਹੋਈ) ਸ਼ਕਤਿ ਪੰਜ ਪਰਵਾਨ ਜਨਾਂ ਅੰਦਰ ਹੀ ਹੂਬਹੂ ਗੁਰੂ ਸਾਰਖੀ ਵਰਤਦੀ ਹੈ। ਯਥਾ ਵਾਕ ਸ੍ਰੀ ਭਾਈ ਗੁਰਦਾਸ ਜੀ ਸਾਹਿਬ–

ਇਕ ਸਿਖ ਦੁਇ ਸਾਧ ਸੰਗੁ ਪੰਜੀਂ ਪਰਮੇਸਰੁ ॥੨੦॥ (ਵਾਰ ੧੩)

ਭਾਵ, ਇਕ ਇਕੱਲਾ ਸਿਖ ਤਾਂ ਸਿਖ ਰੂਪ ਹੀ ਹੈ। ਦੋ ਸਿਖ ਜੁੜਨ ਕਰਿ ਸਤਿਸੰਗ ਦਾ ਰੰਗ ਬਣ ਆਉਂਦਾ ਹੈ ਅਤੇ ਪੰਜਾਂ ਸਿਖਾਂ ਪਾਸ ਪਰਮੇਸ਼ਰ ਵਰਤਦਾ ਹੈ।

ਤਾਂ ਤੇ ਅੰਮ੍ਰਿਤ ਪ੍ਰਚਾਰ ਸਮੇਂ ਸਤਿਗੁਰੂ ਸੱਚੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜਾਂ ਗੁਰਮੁਖ ਪਿਆਰਿਆਂ ਦੁਆਰਾ ਅੰਮ੍ਰਿਤ–ਦਾਤਿ (ਸਿਮਰਨ-ਦਾਤਿ) ਪ੍ਰਾਪਤ ਕੀਤਿਆਂ ਹੀ ਪੂਰੀ ਗੁਰ-ਪਰਮੇਸ਼ਰੀ ਕਲਾ ਵਰਤਦੀ ਹੈ। ਇਕ ਇਕੱਲਾ ਸਿਖ ਜੋ ਸਿਮਰਨ-ਦਾਤਾ ਬਣ ਬਹਿੰਦਾ ਹੈ, ਉਸ ਤੋਂ ਪ੍ਰਾਪਤ ਹੋਈ ਸਿਮਰਨ-ਦਾਤਿ ਅੰਦਰ ਗੁਰੂ ਦੀ ਪੂਰਨ ਕਲਾ ਵਰਤਦੀ ਹੀ ਨਹੀਂ, ਨਾ ਹੀ ਵਰਤ ਸਕਦੀ ਹੈ। ਸਿਮਰਨ-ਦਾਤਿ ਦੇ ਅਖੁਟ ਖਜ਼ਾਨੇ ਦੇਣ ਦੇ ਮਾਲਕ ਗੁਰੂ ਸੱਚੇ ਸਾਹਿਬ ਦੇ ਹਜ਼ੂਰੀਏ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ, ਪੰਚ ਪਰਵਾਨ ਜਨ ਹੀ ਹੋ ਸਕਦੇ ਹਨ ਅਤੇ ਸੋਈ ਇਸ ਸਿਮਰਨ-ਦਾਤਿ ਨੂੰ ਵਰਤਾ ਸਕਦੇ ਹਨ ਅਤੇ ਨਾਮ ਅਭਿਆਸ ਦ੍ਰਿੜ੍ਹਾ ਸਕਦੇ ਹਨ। ਇਕ ਨੂੰ ਹਰਗਿਜ਼ ਇਹ ਅਖ਼ਤਿਆਰ ਅਧਿਕਾਰ ਨਹੀਂ, ਸਿਮਰਨ–ਦਾਤਿ ਦੇ ਦੇਣ ਦਾ। ਜੇ ਉਹ ਦਿੰਦਾ ਹੈ ਤਾਂ ਮਨਮਤਿ ਕਰਦਾ ਹੈ।

ਸਤਿਗੁਰੂ ਨਾਮ ਦੇ ਪੂਰਨ ਭੰਡਾਰੀ ਹੋਣ ਦੀ ਪ੍ਰੌੜ੍ਹਤਾ ਪ੍ਰਥਾਇ ਹੋਰ ਭੀ ਅਨੇਕ ਗੁਰ-ਪ੍ਰਮਾਣ

---

ਦੀ ਮਿਸਾਲ ਕਾਇਮ ਕਰ ਦਿਤੀ। ਆਖ਼ਰ ਦਸਾਂ ਜਾਮਿਆਂ ਤੋਂ ਬਾਅਦ ਦੇਹਧਾਰੀ-ਗੁਰਿਆਈ-ਸਿਲਸਿਲਾ ਬੰਦ ਕਰਨਾ ਹੀ ਗੁਰੂ ਜੀ ਨੂੰ ਭਾਉਂਦਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿਚ ਧੁਰ ਕੀ ਬਾਣੀ ਦਾ ਇਲਾਹੀ ਨਾਦ ਸੰਪੂਰਨ ਰੂਪ ਵਿਚ ਪ੍ਰਕਾਸ਼ਮਾਨ ਹੋ ਚੁਕਾ ਸੀ ਅਤੇ ਉਸ ਨਾਦ ਦੀ ਧੁਨ ਨੂੰ ਅਭਿਲਾਖੀਆਂ ਅੰਦਰ ਸਿੰਚਰਨ ਦੀ ਜੁਗਤ ਵਰਤਾਉਣ ਦੀ ਬਿਧੀ ਦੀ ਸੌਂਪਣਾ ੧੬੯੯ ਈਸਵੀ ਦੀ ਵਿਸਾਖੀ ਨੂੰ ਖਾਲਸਾ ਜੀ ਨੂੰ ਸੌਂਪ ਕੇ ਆਪਣੇ ਮਹਾਨ ਕਾਰਜ ਨੂੰ ਸਿਰੇ ਚੜ੍ਹਾ ਦਿਤਾ।



www.AKJ.Org

ਹਨ, ਪਰ ਉਦਾਹਰਨ ਵਜੋਂ ਵੰਨਗੀ ਮਾਤਰ ਹੀ ਪ੍ਰਮਾਣ ਦੇਣ ਦੀ ਇਥੇ ਲੋੜ ਹੈ। ਯਥਾ ਗੁਰਵਾਕ–

ਤਿਸੁ ਆਗੈ ਅਰਦਾਸਿ ਕਰਿ ਜੋ ਮੇਲੇ ਕਰਤਾਰੁ ॥
ਸਤਿਗੁਰੁ ਦਾਤਾ ਨਾਮ ਕਾ ਪੂਰਾ ਜਿਸੁ ਭੰਡਾਰੁ ॥
ਸਦਾ ਸਦਾ ਸਾਲਾਹੀਐ ਅੰਤੁ ਨ ਪਾਰਾਵਾਰੁ ॥੩॥੧੯॥੮੯॥(ਸਿਰੀ ਰਾਗੁ ਮ: ੫,ਪੰਨਾ ੪੯

ਤਾਂ ਤੇ ਸਿਮਰਨ-ਦਾਤੇ ਸਤਿਗੁਰੂ ਦਾ ਹੀ ਸਿਮਰਨ-ਦਾਤਿ-ਭੰਡਾਰ ਪੂਰਾ ਹੈ, ਹੋਰ ਸਭ ਭੰਡਾਰੇ ਇਸ ਦਾਤਿ ਖੁਣੋਂ ਊਰੇ ਹਨ। ਤਾਂ ਤੇ ਸਿਮਰਨ ਅਕਾਂਖੀ ਜਗਿਆਸੂ ਨੂੰ ਸਤਿਗੁਰੂ ਸੱਚੇ ਪਾਤਿਸ਼ਾਹ ਦੇ ਦੁਆਰਿਓਂ ਹੀ ਇਸ ਦਾਤਿ ਦੀ ਖ਼ੈਰ ਮੰਗਣੀ ਚਾਹੀਦੀ ਹੈ, ਹੋਰ ਸਭ ਦੁਆਰੇ ਛਡ ਦੇਣੇ ਚਾਹੀਦੇ ਹਨ। ਸਿਮਰਨ ਦੀ ਦਾਤਿ ਬਖਸ਼ ਕੇ ਕਰਤਾਰ ਨੂੰ ਮੇਲਣਹਾਰ ਕੇਵਲ ਸਤਿਗੁਰੂ ਦਾਤਾਰ ਹੀ ਹੈ, ਹੋਰ ਕੋਈ ਨਹੀਂ। ਜਿਸ ਨੂੰ ਭੀ ਕਰਤਾਰ ਹਰੀ ਪਰਮਾਤਮਾ ਦੇ ਮਿਲਣ ਦੀ ਸੱਚੀ ਅਤੇ ਜਿਗਰੀ ਲਗਨ ਹੈ, ਉਸ ਨੂੰ ਤਾਂ ਸਰਬੰਸ ਵਾਰ ਕੇ ਭੀ ਸਤਿਗੁਰੂ ਦਾਤੇ ਪਾਸੋਂ ਸਿਮਰਨ ਦੀ ਦਾਤਿ ਸਸਤੀ ਮਿਲੀ ਜਾਪਦੀ ਹੈ। ਜਿਨ੍ਹਾਂ ਜਗਿਆਸੂ ਜਨਾਂ ਇਸ ਦਾਤਿ ਜੋਤਿ ਦੀ ਖ਼ਾਤਰ ਸਤਿਗੁਰੂ ਪ੍ਰਾਇਣ ਹੋ ਕੇ ਆਪਣਾ ਤਨ ਮਨ ਸਤਿਗੁਰੂ ਪਰ ਵਾਰਨੇ ਬਲਿਹਾਰਨੇ ਕਰ ਦਿਤਾ ਹੈ ਤਿਨ੍ਹਾਂ ਮੁਖ ਮਸਤਕ ਭਾਗ ਸੁਭਾਗੇ ਜਨਾਂ ਨੂੰ ਹੀ ਸਤਿਗੁਰੂ ਦਾਤੇ ਨੇ ਨਾਮ ਦ੍ਰਿੜ੍ਹਾ ਕੇ ਸਿਮਰਨ ਦੀ ਦਾਤਿ ਬਖਸ਼ੀ ਹੈ। ਲੋਕਾਂ ਨੇ ਜੋ ਸਸਤਾ ਸੌਦਾ ਕਰ ਛਡਿਆ ਹੈ, ਉਹ ਅਤਿ ਮਹਿੰਗੇ ਮੋਲ ਜੀਅ ਸੱਟੇ ਹੀ ਸਤਿਗੁਰੂ ਪਾਸੋਂ ਮਿਲਦਾ ਹੈ। ਯਥਾ ਗੁਰਵਾਕ–

ਹਰਿ ਹਰਿ ਅਰਥਿ ਸਰੀਰੁ ਹਮ ਬੇਚਿਆ ਪੂਰੇ ਗੁਰ ਕੈ ਆਗੇ ॥
ਸਤਿਗੁਰ ਦਾਤੈ ਨਾਮੁ ਦਿੜਾਇਆ ਮੁਖਿ ਮਸਤਕਿ ਭਾਗ ਸਭਾਗੇ ॥੧॥੧੦॥੨੪॥
ਗਉੜੀ ਪੂਰਬੀ ਮ: ੪, ਪੰਨਾ ੭੭੨

ਜਿਨ੍ਹਾਂ ਨੇ ਇਸ ਬਿਧਿ ਸਤਿਗੁਰੂ ਨੂੰ ਪਰਮੇਸ਼ਰ ਰੂਪ ਜਾਣ ਕੇ ਸੇਵਿਆ ਅਰਾਧਿਆ ਹੈ ਤਿਨ੍ਹਾਂ ਨੂੰ ਸਤਿਗੁਰੂ ਨੇ ਜਨਮ ਮਰਨ ਨਿਵਾਰਨਹਾਰਾ ਅੰਮ੍ਰਿਤ ਨਾਮ ਪੀਆਲਿਆ ਹੈ, ਜਿਸ ਭੈ-ਭੰਜਨ-ਨਾਮ ਦੇ ਸਿਮਰਨ ਕਰਿ ਸਭੇ ਦੁਖ ਲਥ ਜਾਣੇ ਹਨ। ਗੁਰਵਾਕ–

ਗੁਰਿ ਅੰਮ੍ਰਿਤ ਨਾਮੁ ਪੀਆਲਿਆ ਜਨਮ ਮਰਨ ਕਾ ਪਥੁ ॥
ਗੁਰੁ ਪਰਮੇਸਰੁ ਸੇਵਿਆ ਭੈ-ਭੰਜਨ ਦੁਖ ਲਥ ॥੩॥੨੦॥੯੦॥
ਸਿਰੀ ਰਾਗੁ ਮ: ੫, ਪੰਨਾ ੪੯–੫੦

("ਨਾਮ ਦਾ ਦਾਤਾ ਤੇ ਸਿਮਰਨ-ਦਾਤਾ ਸਤਿਗੁਰੂ" ਵਿਚੋਂ)

---

(ਸਫਾ ੨੨ ਦੀ ਬਾਕੀ)

ਇਹੋ ਜਿਹੇ ਕਈ ਦ੍ਰਿਸ਼ਟਾਂਤ ਦੇ ਕੇ ਡਾਕਟਰ ਜੀ ਨੇ ਭਾਈ ਤੇਜਿੰਦਰ ਸਿੰਘ ਜੀ ਨੂੰ ਠੰਢਾ ਕੀਤਾ।

ਡਾਕਟਰ ਜੀ ਜਿਥੇ ਹਿਤ ਹੁੰਦਾ ਸੀ, ਉਥੇ ਉਨ੍ਹਾਂ ਵਿਚ ਜਾ ਕੇ ਇਉਂ ਘੁਲ ਮਿਲ ਜਾਂਦੇ ਜਿਵੇਂ ਕਿ ਕੋਈ ਬਿਗਾਨਾ ਹੁੰਦਾ ਹੀ ਨਹੀਂ। ਕਈ ਵੇਰਾਂ ਉਨ੍ਹਾਂ ਨੇ ਭਾਈ ਤੇਜਿੰਦਰ ਸਿੰਘ ਦੇ ਘਰ ਜਾਣਾ, ਜੋ ਕੁਝ ਬਣਿਆ ਹੁੰਦਾ, ਉਸ ਨੂੰ ਪਰੇ ਕਰਕੇ ਕਹਿਣਾ ਕਿ ਕੋਈ ਮਿੱਸਾ ਪ੍ਰਸ਼ਾਦਾ ਹੈ ਤਾਂ ਦਸੋ। ਜੇ ਕੋਈ ਹੋਣਾ ਤਾਂ ਉਸਨੂੰ ਥੋੜਾ ਜਿਹਾ ਨਮਕ ਧੂੜ ਕੇ ਬੱਚਿਆਂ ਵਾਂਗੂੰ ਗੋਲ ਮੋਲ ਕਰ ਕੇ ਬੜੀ ਹੀ ਮਗਨ ਬਿਰਤੀ ਨਾਲ ਖਾਣਾ ਅਰੰਭ ਦੇਣਾ। ਖਾਂਦਿਆਂ ਖਾਂਦਿਆਂ ਉਹਨਾਂ ਇਸ ਤਰ੍ਹਾਂ ਸਵਾਦ ਲੈਣਾ ਜਿਵੇਂ ਕੋਈ ਛੱਤੀਹ ਪ੍ਰਕਾਰੀ ਭੋਜਨ ਦਾ ਅਨੰਦ ਮਾਣ ਰਿਹਾ ਹੋਵੇ। (ਚਲਦਾ)

ਨੋਟ :–ਜਿਨ੍ਹਾਂ ਵੀਰਾਂ ਭੈਣਾਂ ਨਾਲ ਡਾਕਟਰ ਜੀ ਹਿਤ ਕਰ ਕੇ ਵਿਚਰਦੇ ਰਹੇ ਹਨ, ਉਨ੍ਹਾਂ ਪਾਸ ਸਨਿਮਰ ਬੇਨਤੀ ਹੈ ਕਿ ਡਾਕਟਰ ਜੀ ਦੀ ਜੋ ਵੀ ਕੋਈ ਯਾਦ ਉਨ੍ਹਾਂ ਪਾਸ ਹੈ, ਉਹ 'ਸੂਰਾ' ਮਾਸਕ ਪੱਤਰ ਦੇ ਪਤੇ ਤੇ ਭੇਜਣ ਦੀ ਬਖ਼ਸ਼ਸ਼ ਕਰਨ ਜੀ। ਇਹ ਅਭੁਲ ਯਾਦਾਂ ਗੁਰਸਿਖ ਜੀਵਨੀ ਜੀਣ ਲਈ ਉਤਮ ਸੇਧਾਂ ਦੇਣਗੀਆਂ।

www.AKJ.Org

# ਨਾਟਕ, ਫ਼ਿਲਮਾਂ ਤੇ ਸਿਖ ਮੱਤ

(੨)

[ਲੜੀ ਜੋੜਨ ਲਈ ਵੇਖੋ ਸੂਰਾ ਅਕਤੂਬਰ ੧੯੮੩]

ਉਪਰੋਕਤ ਸਿਰਲੇਖ ਹੇਠ ਮਾਨਯੋਗ ਲੇਖਕ ਜੀ ਨੇ ਦਸਿਆ ਹੈ ਕਿ ਸਿਖ ਇਤਿਹਾਸ ਸੰਬੰਧੀ ਫ਼ਿਲਮਾਂ, ਨਾਟਕ ਜਾਂ ਤਸਵੀਰਾਂ ਬਣਾਉਣ ਦੀ ਖੁਲ੍ਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਚੀਫ਼ ਖਾਲਸਾ ਦੀਵਾਨ ਆਦਿ ਪੰਥ ਦੀਆਂ ਮੁਖੀ ਸੰਸਥਾਵਾਂ ਵਲੋਂ ਦਿਤੀ ਗਈ ਹੋਈ ਹੈ। ਇਨ੍ਹਾਂ ਵਲੋਂ ਅਜਿਹਾ ਕਰਨ ਦੀ ਕੋਈ ਮਨਾਹੀ ਨਹੀਂ ਹੈ। ਗੁਰੂ ਸਾਹਿਬਾਨ ਦੀਆਂ ਤਸਵੀਰਾਂ ਸੰਬੰਧੀ ਤਾਂ ਕੋਈ ਰੋਕ ਹੀ ਨਹੀਂ, ਸਗੋਂ ਸ਼੍ਰੋਮਣੀ ਕਮੇਟੀ ਨੇ ਆਪ ਹਜ਼ਾਰਾਂ ਰੁਪਏ ਖ਼ਰਚ ਕੇ, ਚੰਗੇ ਤੋਂ ਚੰਗੇ ਆਰਟਿਸਟਾਂ ਪਾਸੋਂ ਗੁਰੂ ਸਾਹਿਬਾਨ ਦੀਆਂ ਸੁੰਦਰ ਤਸਵੀਰਾਂ ਬਣਵਾਈਆਂ ਹਨ।

ਅਸਾਂ ਅਕਤੂਬਰ ੧੯੮੩ ਦੇ ਸੂਰਾ ਵਿਚ ਸ਼੍ਰੋਮਣੀ ਕਮੇਟੀ ਦੇ ੧੯੩੪ ਤੇ ੧੯੪੦ ਦੇ ਮਤਿਆਂ ਦੇ ਹਵਾਲੇ ਦੇ ਕੇ ਦਸਿਆ ਸੀ ਕਿ ਕਮੇਟੀ ਨੇ ਓਦੋਂ ਫ਼ੈਸਲਾ ਦਿਤਾ ਸੀ ਕਿ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਬਣਾਉਣੀਆਂ ਮਨਮਤ ਹੈ ਅਤੇ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਸਟੇਜਾਂ ਤੇ ਫ਼ਿਲਮਾਂ ਆਦਿ ਵਿਚ ਨਹੀਂ ਆਉਣੀਆਂ ਚਾਹੀਦੀਆਂ। ਹੌਲੀ ਹੌਲੀ ਕਮੇਟੀ ਵਿਚ ਨਵੇਂ ਨਵੇਂ ਪ੍ਰਬੰਧਕ ਆਉਂਦੇ ਗਏ ਅਤੇ ਤਸਵੀਰਾਂ ਤੇ ਫ਼ਿਲਮੀ ਦੁਨੀਆ ਦੇ ਮੁਠੇ ਹੋਏ ਇਨ੍ਹਾਂ ਪ੍ਰਬੰਧਕਾਂ ਵਿਚ ਕਮਜ਼ੋਰੀਆਂ ਪ੍ਰਗਟ ਹੋਣ ਲਗ ਪਈਆਂ। ਅਖੀਰ ਕਈ ਵਾਰ ਮੁਖ਼ਾਲਫ਼ਤ ਹੁੰਦਿਆਂ ਵੀ ਇਨ੍ਹਾਂ ਤਸਵੀਰਾਂ ਬਣਵਾ ਹੀ ਦਿਤੀਆਂ। ਨਤੀਜੇ ਮਾੜੇ ਨਿਕਲਣੇ ਹੀ ਸਨ। ਅਨੇਕਾਂ ਗੁਰਦੁਆਰਾ ਸਾਹਿਬਾਨ ਵਿਚ ਤਸਵੀਰਾਂ ਲਗਣ ਲਗ ਪਈਆਂ ਅਤੇ ਜਦ ਖ਼ਾਸ ਮੌਕਿਆਂ ਤੇ ਇਨ੍ਹਾਂ ਤਸਵੀਰਾਂ ਦੀਆਂ ਬਿਜਲੀ ਨਾਲ ਪ੍ਰਦਰਸ਼ਨੀਆਂ ਅਰੰਭ ਹੋ ਗਈਆਂ ਅਤੇ ਸਿਖ ਸੰਗਤਾਂ, ਆਮ ਫ਼ਿਲਮਾਂ ਵਾਂਗ ਇਨ੍ਹਾਂ ਦਾ ਅਨੰਦ ਲੈਣ ਲਗ ਪਈਆਂ ਤੇ ਦਰਸ਼ਨ ਕਰ ਕੇ ਤੇ ਮੱਥੇ ਟੇਕ ਕੇ ਚੜ੍ਹਾਵੇ ਚੜ੍ਹਾਉਣ ਲਗ ਪਈਆਂ ਤਾਂ ਭੈ-ਭਾਵਨੀ ਵਾਲੇ ਗੁਰਸਿਖਾਂ ਨੇ ਸ਼੍ਰੋਮਣੀ ਕਮੇਟੀ ਪਾਸ ਇਸ ਮਨਮਤ ਨੂੰ ਰੋਕਣ ਲਈ ਵਾਵੇਲਾ ਕੀਤਾ। ਓਦੋਂ ਕਮੇਟੀ ਨੇ ਵਿੰਗੇ ਟੇਢੇ ਢੰਗ ਨਾਲ ਗੁਰਦੁਆਰਾ ਗਜ਼ਟ ਵਿਚ ਸਿਖ ਸੰਗਤਾਂ ਨੂੰ ਇਸ ਮਨਮਤ ਤੋਂ ਬਚਣ ਦਾ ਓਪਰਾ ਜਿਹਾ ਜਤਨ ਕੀਤਾ। ਪਰ ਠੋਸ ਤੇ ਅਮਲੀ ਕਦਮ ਕੋਈ ਨਾ ਚੁਕਿਆ।

ਅਸਾਂ ਅਕਤੂਬਰ ੮੩ ਦੇ ਸੂਰਾ ਵਿਚ ਉਪਰੋਕਤ ਲੇਖ ਦੇ ਉਤਰ ਵਿਚ ਅਜਿਹੇ ਕਈ ਹਵਾਲੇ ਦੇ ਕੇ ਦਸਿਆ ਕਿ ਤਸਵੀਰਾਂ ਦੀ ਮਨਮਤ ਚਲਾਉਣ ਵਿਚ ਕਮੇਟੀ ਦੇ ਕੁਝ ਖ਼ੁਦਗਰਜ਼ ਪ੍ਰਬੰਧਕਾਂ ਦਾ ਹੱਥ ਹੈ। ਸਿਖ ਇਤਿਹਾਸ ਦੀਆਂ ਫ਼ਿਲਮਾਂ ਦੀ ਮਨਮਤ ਨੂੰ ਪਰਚਲਤ ਕਰਾਉਣ ਵਿਚ ਵੀ ਕਮੇਟੀ ਦੇ ਇਨ੍ਹਾਂ ਕੁਝ ਖ਼ੁਦਗ਼ਰਜ਼ ਪ੍ਰਬੰਧਕਾਂ ਦੀ ਖ਼ੁਦਗਰਜ਼ੀ ਹੀ ਹੈ। ਸਿਖ ਕੌਮ ਨੂੰ ਗੁਰਸਿਖੀ ਦੇ ਅਮਲੀ ਜੀਵਨ ਤੋਂ ਉਖੇੜ ਕੇ ਫ਼ਿਲਮਾਂ ਰਾਹੀਂ ਨਿਘਰਦੀ ਦਸ਼ਾ ਵਿਚ ਪਹੁੰਚਾਉਣ ਲਈ ਇਹ ਘੋਰ ਉਪੱਦਰ ਕੁਝ ਟੱਕਿਆਂ ਦੇ ਯਾਰ ਖ਼ੁਦਗਰਜ਼ ਲੋਕਾਂ ਨੇ ਕੀਤਾ।

ਅਸੀਂ ਗੁਰਬਾਣੀ ਦੀ ਸੇਧ ਵਿਚ ਅਗੇ ਜਾ ਕੇ ਦਸਾਂਗੇ ਕਿ ਸਿਖ ਦਾ ਅਸਲੀ ਜੀਵਨ ਕੀ ਹੈ ਅਤੇ ਰੰਗ-ਤਮਾਸ਼ਿਆਂ ਦੇ ਚੰਮ-ਦ੍ਰਿਸ਼ਟੀ ਤੇ ਕੰਨ-ਰਸ ਆਦਿ ਕੁ-ਰਸਾਂ ਤੋਂ ਹੋੜਨ ਬਾਰੇ ਗੁਰਬਾਣੀ ਦੇ ਕਿੰਨੇ ਕਰੜੇ ਹੁਕਮ ਸਿਖਾਂ ਨੂੰ ਦਿਤੇ ਗਏ ਹੋਏ ਹਨ। ਅਸੀਂ ਪਹਿਲਾਂ ਇਸ ਗੱਲ ਦੀ ਅਸਲੀਅਤ ਨੂੰ ਉਘੇੜਨਾ ਚਾਹੁੰਦੇ ਹਾਂ, ਜੋ ਫ਼ਿਲਮਾਂ ਦਾ ਪਰਚਾਰ ਕਰਨ ਵਾਲੇ ਲੇਖਕ ਜੀ ਇਸ ਲੇਖ ਵਿਚ ਲਿਖਦੇ ਹਨ–

" 'ਨਾਨਕ ਨਾਮ ਜਹਾਜ਼' ਫ਼ਿਲਮ ਭਾਰੀ ਤਾਦਾਦ ਵਿਚ ਲੋਕਾਂ ਨੇ ਵੇਖੀ। ਬਲਕਿ ਜਿਹਨਾਂ ਨੇ ਅਗੇ ਕਦੇ ਕੋਈ ਫ਼ਿਲਮ ਨਹੀਂ ਸੀ ਵੇਖੀ, ਉਹਨਾਂ ਨੇ ਵੀ—ਤੇ ਫੇਰ ਕਈ ਵਾਰ ਟੱਬਰਾਂ ਸਮੇਤ ਇਹ



www.AKJ.Org

ਫ਼ਿਲਮ ਵੇਖੀ। ਇਹ ਪਹਿਲੀ ਵਾਰ ਸੀ ਜਦੋਂ ਲੱਖਾਂ **ਲੋਕਾਂ ਨੂੰ ਉਸ ਫ਼ਿਲਮ ਰਾਹੀਂ ਗੁਰਬਾਣੀ ਦੀ ਮਿੱਠਤ, ਸਰਬ ਸਾਂਝੀ ਅਪੀਲ ਤੇ ਅਗੰਮੀ ਰਸ ਦਾ ਅਨੰਦ ਮਿਲਿਆ।"**

ਲੇਖਕ ਜੀ ਲਿਖਦੇ ਹਨ ਕਿ ਲੱਖਾਂ ਲੋਕਾਂ ਨੂੰ ਉਸ (ਨਾਨਕ ਨਾਮ ਜਹਾਜ਼) ਫ਼ਿਲਮ ਰਾਹੀਂ ਗੁਰਬਾਣੀ ਦੀ ਮਿੱਠਤ, ਸਰਬ ਸਾਂਝੀ ਅਪੀਲ ਤੇ ਅਗੰਮੀ ਰਸ ਦਾ ਅਨੰਦ ਮਿਲਿਆ। ਇਸ ਫ਼ਿਲਮ ਰਾਹੀਂ ਗੁਰਬਾਣੀ ਦੀ ਜੋ ਮਿੱਠਤ ਤੇ ਅਗੰਮੀ ਰਸ ਲੋਕਾਂ ਨੂੰ ਮਿਲਿਆ, ਉਸ ਦਾ ਅੰਦਾਜ਼ਾ ਆਪ ਜੀ ਗੁਰੂ ਨਾਨਕ-ਨਾਮ ਲੇਵਾ ਇਕ ਬਜ਼ੁਰਗ ਸਜਣ ਭਾਈ ਰਾਮ ਚੰਦ ਜੀ ਭਟਿਆਨੀ ਕਲਕੱਤਾ ਦੀ ਹੇਠ ਲਿਖੀ ਲਿਖਤ ਤੋਂ ਲਾ ਸਕਦੇ ਹੋ—

"ਦਾਸ ਨੂੰ ਜਦ ਤੋਂ ਗੁਰਬਾਣੀ ਦੀ ਕੁਝ ਸੋਝੀ ਹੋਈ, ਫ਼ਿਲਮਾਂ ਵੇਖਣੀਆਂ ਆਪਣੇ ਆਪ ਬੰਦ ਹੋ ਗਈਆਂ।......੧੯੬੯ ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪੰਜ ਸੌ ਸਾਲਾ ਜਨਮ ਦਿਨ ਸਾਰੀ ਦੁਨੀਆ ਵਿਚ ਖੁਸ਼ੀਆਂ ਨਾਲ ਮਨਾਇਆ ਜਾ ਰਿਹਾ ਸੀ ਤੇ ਰੋਜ਼ ਅਖ਼ਬਾਰਾਂ ਵਿਚ ਖ਼ਬਰਾਂ ਪੜ੍ਹਦੇ ਸਾਂ—'ਨਾਨਕ ਨਾਮ ਜਹਾਜ਼ ਫ਼ਿਲਮ ਬਣ ਰਹੀ ਹੈ। ਲੋਕੀ ਪੰਜਾਬ ਤੇ ਦੂਸਰੇ ਸਥਾਨਾਂ ਤੇ ਪਿਕਚਰ ਨੂੰ ਕਈ ਵਾਰੀ ਵੇਖ ਰਹੇ ਹਨ ਤੇ ਸਤਿਕਾਰ ਵਜੋਂ ਪਿਕਚਰ-ਹਾਲਾਂ ਵਿਚ ਪੈਸੇ ਵੀ ਸੁਟਦੇ ਹਨ।' ਮਨ ਵਿਚ ਬੜਾ ਚਾਅ ਪੈਦਾ ਹੋਇਆ ਕਿ ਭਾਵੇਂ ਫ਼ਿਲਮਾਂ ਵੇਖਣੀਆਂ ਬੰਦ ਕੀਤੀਆਂ ਹੋਈਆਂ ਹਨ, ਪਰੰਤੂ ਆਪਣੇ ਸ਼ਹਿਨਸ਼ਾਹ ਪਾਤਸ਼ਾਹ ਦਾ ਪੰਜ-ਸੌ-ਸਾਲਾ ਜਨਮ ਦਿਨ ਮਨਾਇਆ ਜਾ ਰਿਹਾ ਹੈ ਤੇ ਇਸ ਖੁਸ਼ੀ ਵਿਚ ਇਹ ਫ਼ਿਲਮ 'ਨਾਨਕ ਨਾਮ ਜਹਾਜ਼', ਜਿਸ ਨੂੰ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੇ ਪ੍ਰਮਾਣਿਤ ਕੀਤਾ ਹੈ, ਜ਼ਰੂਰ ਵੇਖਾਂਗੇ। ਹੋ ਸਕਦਾ ਹੈ, ਇਹ ਫ਼ਿਲਮ ਵੇਖਣ ਨਾਲ ਉਹ ਨਾਮ ਰੂਪ ਜਹਾਜ਼ ਇਸ ਅਭਾਗੇ ਨੂੰ ਭੀ ਮਿਲ ਜਾਏ, ਜਿਸ ਤੇ ਚੜ੍ਹ ਕੇ ਭਵ-ਸਾਗਰ ਤੋਂ ਪਾਰ ਹੋ ਜਾਵੇ।

"ਮੁਦਤਾਂ ਬਾਅਦ ਬੜੀਆਂ ਖੁਸ਼ੀਆਂ ਨਾਲ ਆਪਣੇ ਪਿਆਰੇ ਦੀ ਫ਼ਿਲਮ ਵੇਖਣ ਲਈ ਸਿਨੇਮਾ-ਹਾਲ ਵਿਚ ਦਾਖ਼ਲ ਹੋਏ। ਬੜੀ ਭੀੜ ਸੀ, ਪਰੰਤੂ ਜਦ ਝੂਠੇ ਪ੍ਰੇਮ ਦੇ ਸੀਨ ਫਿਲਮ ਵਿਚ ਆਏ ਤਾਂ ਆਪਣੇ ਮਨ ਨੂੰ ਫਿਟਕਾਰਾਂ ਪਾਈਆਂ, ਕਿ ਤੂੰ ਇਹ ਕੀ ਕੀਤਾ। ਇਨ੍ਹਾਂ ਬਨਾਉਟੀ ਸਵਾਂਗੀਆਂ ਦੇ ਫ਼ਰਜ਼ੀ ਚਟਪਟੇ ਸੀਨ ਵੇਖ ਕੇ ਭਵ-ਸਾਗਰ ਤੋਂ ਪਾਰ ਹੋਣਾ ਤਾਂ ਕਿਤੇ ਦੂਰ ਰਿਹਾ, ਇਥੇ ਤਾਂ ਭਵ-ਸਾਗਰ ਵਿਚ ਡੁਬਣ ਵਾਲਾ ਹੀ ਵਰਤਾਰਾ ਵਰਤਦਾ ਹੈ। ਇਥੋਂ ਤੂੰ, ਕੁਝ ਲੈਣ ਦੀ ਥਾਂ ਦੇਣ ਆਇਆ ਹਾਂ। ਇਹ ਫ਼ਿਲਮ ਸਾਨੂੰ ਕੁਝ ਨਹੀਂ ਦੇ ਸਕਦੀ। ਬਸ ਇੰਨੇ ਨਾਲ ਹੀ ਨਿਸ਼ਾ ਹੋ ਗਈ।"

'ਸੂਰਾ' ਮਾਸਕ ਪਤਰ, ਅਪ੍ਰੈਲ ੧੯੭੬

ਫ਼ਿਲਮਾਂ ਦੇ ਆਚਰਨ-ਹੀਨ ਐਕਟਰਾਂ ਤੇ ਐਕਟਰੈਸਾਂ ਰਾਹੀਂ ਗੁਰਬਾਣੀ ਦੀ ਮਿੱਠਤ ਮਨ ਵਿਚ ਨਹੀਂ ਵਸ ਸਕਦੀ ਤੇ ਨਾ ਹੀ ਕੋਈ ਅਗੰਮੀ ਰਸ ਆ ਸਕਦਾ ਹੈ, ਸਗੋਂ ਸ਼ਾਂਤੀ ਦੀ ਥਾਂ ਮਨਾਂ ਵਿਚ ਚੰਚਲਤਾ, ਚੁਲਬੁਲਾਪਣ, ਭਟਕਣਾ, ਹੋਰ ਹੋਰ ਰੰਗ ਤਮਾਸ਼ੇ ਵੇਖਣ ਦੇ ਚਾਅ ਵਧਦੇ ਹਨ। ਇਨ੍ਹਾਂ ਫ਼ਿਲਮਾਂ ਰਾਹੀਂ ਸਿਖ ਨੂੰ ਨਾਮ-ਬਾਣੀ ਲਈ ਪ੍ਰੀਤ ਨਹੀਂ ਉਪਜ ਸਕਦੀ ਤੇ ਨਾ ਹੀ ਅੰਮ੍ਰਿਤ ਵੇਲੇ ਉਠ ਕੇ ਗੁਰੂ-ਚਰਨਾਂ ਵਿਚ ਜੁੜਨ ਦਾ ਚਾਅ ਪੈਦਾ ਹੋ ਸਕਦਾ ਹੈ।

ਸਹੀ ਗੱਲ ਤਾਂ ਇਹੋ ਹੈ ਕਿ "ਦੀਪਕ ਤੇ ਦੀਪਕੁ ਪ੍ਰਗਾਸਿਆ" ਦੇ ਹੁਕਮ ਅਨੁਸਾਰ ਹੀ ਦੀਵੇ ਤੋਂ ਦੀਵਾ ਜਗ ਸਕਦਾ ਹੈ। ਬੁਝਿਆ ਹੋਇਆ ਦੀਵਾ ਕਿਸੇ ਨੂੰ ਚਾਨਣ ਨਹੀਂ ਦੇ ਸਕਦਾ। ਵਿਕਾਰਾਂ ਨਾਲ ਅੱਟੇ ਹੋਏ ਮਨ ਆਪਣੇ ਹਾਵਾਂ ਭਾਵਾਂ ਅਤੇ ਰੰਗੀਲੇ ਤੇ ਸਜਾਏ ਫਬਾਏ ਬੋਲਾਂ ਨਾਲ ਕਿਸੇ ਪ੍ਰਾਣੀ ਨੂੰ ਜੀਵਨ-ਦਾਨ ਨਹੀਂ ਦੇ ਸਕਦੇ, ਸਗੋਂ ਉਨ੍ਹਾਂ ਦੇ ਨਾਜ਼ੋ ਨਖ਼ਰੇ ਤੇ ਹਾਵ ਭਾਵ ਹੀ ਮਨ ਵਿਚ ਵਸ ਸਕਦੇ ਹਨ।

ਪ੍ਰੋਫ਼ੈਸਰ ਸਾਹਿਬ ਸਿੰਘ ਜੀ ਆਪਣੇ ਲੇਖ 'ਜਗਦੇ ਦੀਵੇ ਤੋਂ ਦੀਵਾ' ਵਿਚ ਲਿਖਦੇ ਹਨ—

"ਸਤਿਗੁਰੂ ਦੀ ਬਾਣੀ ਦਾ ਉਪਦੇਸ਼ ਅੰਮ੍ਰਿਤ ਹੈ, ਪਰ ਜਿਸ ਪਰਚਾਰਕ ਦੀ ਰਾਹੀਂ ਆਉਂਦਾ



www.AKJ.Org

ਹੈ, ਉਸ ਦੇ ਆਪਣੇ ਜੀਵਨ ਦੀ ਰੰਗਣ ਵਿਚ ਆਉਂਦਾ ਹੈ। ਸ਼ੁੱਧ ਤੇ ਪਵਿੱਤਰ ਅੰਮ੍ਰਿਤ ਮਿੱਟੀ ਦੇ ਭਾਂਡੇ ਵਿਚ ਪਿਆ ਹੋਵੇ ਤਾਂ ਹੋ ਸਕਦਾ ਹੈ ਕਿ ਉਸ ਦੇ ਸੁਆਦ ਵਿਚ ਭਾਂਡੇ ਦਾ ਸੁਆਦ ਮਿਲ ਜਾਏ ਤੇ ਰੰਗ ਭੀ ਵਿਗੜ ਜਾਏ। ਸਤਿਗੁਰੂ ਦਾ ਸਨੇਹਾ ਜੀਵਨ-ਦਾਤਾ ਹੈ; ਪਰ ਸਨੇਹਾ ਅਪੜਾਣ ਵਾਲਾ ਹਿਰਦਾ ਵੀ ਜ਼ਰੂਰੀ ਹੈ।......ਜੇ ਪਰਚਾਰਕ ਦਾ ਆਪਣਾ ਹਿਰਦਾ ਮਾਇਆ ਦੇ ਮੋਹ ਵਿਚ ਮੁਰਦਾ ਹੋ ਚੁਕਾ ਹੈ ਤਾਂ ਉਸ ਦੇ ਪਰਚਾਰ ਵਿਚੋਂ ਵੀ ਮੁਰਦਿਹਾਣ ਆਵੇਗੀ। ਉਹ ਪਰਚਾਰ ਸੁਣਨ ਵਾਲਿਆਂ ਨੂੰ ਸੁਰਜੀਤ ਕਰਨ ਦੀ ਥਾਂ ਸਗੋਂ ਮੁਰਦਾ ਕਰੇਗਾ। ਗੁਰੂ ਪਾਤਿਸ਼ਾਹ ਦੀ ਬਾਣੀ-ਰੂਪ ਸੁਅੱਛ ਜਲ ਤਾਂ ਉਹੀ ਹੈ ਜੋ ਧੁਰੋਂ ਪਵਿੱਤਰ ਸੋਮੇ ਵਿਚੋਂ ਆਇਆ ਹੈ, ਪਰ ਇਹ ਜਲ ਜਿਸ ਤਰ੍ਹਾਂ ਦੀ ਮਸ਼ੀਨ ਵਿਚੋਂ ਦੀ ਲੰਘਦਾ ਹੈ, ਉਸੇ ਤਰ੍ਹਾਂ ਦਾ ਇਸ ਦਾ ਸੁਆਦ ਤੇ ਰੰਗ ਬਣ ਜਾਂਦਾ ਹੈ।''

— ਪੁਸਤਕ ''ਸਿਮਰਨ ਦੀਆਂ ਬਰਕਤਾਂ'' ਪੰਨਾ ੧੨੨

ਇਸੇ ਲੇਖ ਵਿਚ ਅਗੇ ਜਾ ਕੇ ੧੨੪ ਪੰਨੇ ਤੇ ਪ੍ਰੋਫ਼ੈਸਰ ਸਾਹਿਬ ਲਿਖਦੇ ਹਨ—''ਆਤਮਕ ਜੀਵਨ ਤੋਂ ਬਿਨਾ ਪਰਚਾਰਕ ਵਿਚ ਵਲਵਲੇ ਹੋ ਸਕਦੇ ਹਨ; ਪਰ ਨਾਟਕ ਦੇ ਨਟ ਵਿਚ ਵੀ ਵਲਵਲੇ ਹੁੰਦੇ ਹਨ, ਫਿਰ ਭੀ ਉਹ ਨਿਰਾ ਸੁਆਂਗ ਹੀ ਹੁੰਦਾ ਹੈ।......ਕਈ ਵਾਰੀ ਪਰਚਾਰਕ ਦੇ ਜੋਸ਼-ਭਰੇ ਵਖਿਆਨ ਨਾਲ ਉਸ ਦੀਆਂ ਆਪਣੀਆਂ ਅੱਖਾਂ ਭੀ ਚਮਕ ਉਠਦੀਆਂ ਹਨ, ਪਰ ਇਹ ਚਮਕ ਉਸੇ ਤਰ੍ਹਾਂ ਹੈ, ਜਿਵੇਂ ਕਿਸੇ ਪੈਲੀ ਵਿਚ ਬੀਜੇ ਹੋਏ ਲਾਲਾਂ ਦੀ। ਨਾ ਉਹਨਾਂ ਵਿਚ ਸੇਕ ਅਤੇ ਨਾ ਤ੍ਰਿਪਤ ਕਰਨ ਵਾਲਾ ਗੁਣ।''

ਸੋ ਇਹਨਾਂ ਫ਼ਿਲਮਾਂ ਦੇ ਨਟਾਂ ਦੇ ਹਾਵਾਂ-ਭਾਵਾਂ ਨਾਲ ਭਰਪੂਰ ਵਲਵਲੇ, ਅਖਾਂ ਤੇ ਚਿਹਰੇ ਦੀ ਲਿਸ਼ਕ ਅਤੇ ਮਿਠੀਆਂ ਸੁਰਾਂ ਵਿਚ ਅਲਾਪ ਸਭ ਕੁਝ ਬਨਾਉਟੀ ਹੀ ਬਨਾਉਟੀ ਹੈ, ਅਤੇ ਇਹ ਕੇਵਲ ਸਵਾਂਗ ਹੀ ਹਨ। ਇਨ੍ਹਾਂ ਨਾਲ ਆਤਮਕ ਜੀਵਨ ਨਹੀਂ ਬਣ ਸਕਦਾ। ਦੁਨੀਆ ਭਰ ਦੇ ਲੋਕਾਂ ਨੂੰ ਪ੍ਰੇਰਨਾ ਮਿਲਣੀ ਇਕ ਪਾਸੇ ਰਹੀ, ਸਿਖ ਨੌਜਵਾਨਾਂ ਨੂੰ ਸਿਖੀ ਜੀਵਨ ਵਲ ਨਹੀਂ ਪ੍ਰੇਰ ਸਕਦੀਆਂ। ਉਨ੍ਹਾਂ ਵਿਚ ਨਾ ਬਾਣੀ ਪੜ੍ਹਨ ਦਾ ਸ਼ੌਕ, ਨਾ ਅੰਮ੍ਰਿਤ ਵੇਲੇ ਉਠਣ ਦਾ ਸ਼ੌਕ ਅਤੇ ਨਾ ਹੀ ਗੁਰੂ-ਚਰਨਾਂ ਨਾਲ ਜੁੜ ਕੇ ਨਾਮ-ਬਾਣੀ ਦਾ ਅੰਮ੍ਰਿਤ-ਰਸ ਮਾਣਨ ਦਾ ਪਿਆਰ ਉਪਜਦਾ ਹੈ।

ਸਾਡੇ ਮਾਨਯੋਗ ਬਜ਼ੁਰਗ ਲੇਖਕ ਜੀ ਜਿਸ ਸਿੱਖੀ ਦੀ ਕਲਪਣਾ ਕਰਦੇ ਹਨ, ਉਸ ਫੋਕੀ, ਅਮਲੀ ਜੀਵਨ ਤੋਂ ਥੋਥੀ, ਕੇਵਲ ਬਾਹਰਮੁਖੀ ਪਹਿਰਾਵੇ ਵਾਲੀ ਜਾਂ ਵਾਲਾਂ ਵਾਲੀ ਭੇਖੀ ਸਿਖੀ ਦਾ ਗੁਰਮਤਿ ਮੰਡਲ ਵਿਚ ਕੱਚੀ ਕੌਡੀ ਮੁੱਲ ਨਹੀਂ ਹੈ। ਕਹੌਤੀ ਸਿਖੀ ਦੀ ਬਹੁ-ਗਿਣਤੀ ਸਿਖ ਪਾਲੀਟੀਸ਼ਨਾਂ ਲਈ ਵੋਟਾਂ ਦੀ ਗਿਣਤੀ ਵਧਾਉਣ ਲਈ ਤਾਂ ਉਨ੍ਹਾਂ ਲਈ ਸਹਾਈ ਹੋ ਸਕਦੀ ਹੈ, ਪਰ ਗੁਰੂ ਮਹਾਰਾਜ ਦੇ ਦਰ ਤੇ ਅਜਿਹੀ ਸਿਖੀ ਪਰਵਾਣ ਨਹੀਂ ਪੈ ਸਕਦੀ। ਜੇ ਸਿਖਾਂ ਦੀ ਗਿਣਤੀ ਵਧਾਉਣਾ ਹੀ ਗੁਰੂ ਮਹਾਰਾਜ ਦਾ ਮਿਸ਼ਨ ਹੁੰਦਾ ਤਾਂ ਸਿਖੀ ਦੀ ਪਰਖ ਲਈ ਐਡਾ ਕਰੜਾ ਪਰਚਾ ਨਾ ਪਾਉਂਦੇ। ਵਿਰਲੇ ਬੂਟੇ ਹੀ ਘਣੀ ਛਾਂ ਵਾਲੇ ਹੁੰਦੇ ਹਨ। ਗੁਰਵਾਕ ਹੈ—

—ਹੈਨਿ ਵਿਰਲੇ, ਨਾਹੀ ਘਣੇ, ਫੈਲ ਫਕੜੁ ਸੰਸਾਰੁ ॥ [ਮ: ੧, ਪੰਨਾ ੧੪੧੧

ਅਤੇ—ਜੋ ਤੁਧੁ ਸਚੁ ਧਿਆਇਦੇ, ਸੇ ਵਿਰਲੇ ਥੋੜੇ ॥
ਜੋ ਮਨਿ ਚਿਤਿ ਇਕੁ ਅਰਾਧਦੇ, ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ ॥੧੧॥

ਗਉੜੀ ਕੀ ਵਾਰ ਮ: ੪, ਪੰਨਾ ੩੦੬

ਲੇਖਕ ਜੀ ਆਪਣੇ ਲੇਖ ਵਿਚ ਇਕ ਥਾਂ ਲਿਖਦੇ ਹਨ—

''ਬਹੁਤੇ ਸਿਖ ਪ੍ਰੇਮੀਆਂ ਨੂੰ ਪਤਾ ਨਹੀਂ ਹੋਣਾ ਕਿ 'ਸੈਮਸਨ ਡੀਲਾਈਲਾ' ਫ਼ਿਲਮ ਨੇ ਯੂਰਪ ਵਿਚ


www.AKJ.Org

ਵਾਲ੍ਹਾਂ ਦੇ ਹੱਕ ਵਿਚ ਕਿੰਨਾ ਭਰਪੂਰ ਪ੍ਰਚਾਰ ਕਰ ਦਿਤਾ ਹੈ। ਓਦੂੰ ਪਿਛੋਂ ਹੀ ਉਧਰ ਨੌਜਵਾਨਾਂ ਨੇ ਵਾਲ ਤੇ ਖੁਲ੍ਹੀ ਦਾੜ੍ਹੀ ਰਖਣੀ ਅਰੰਭ ਕੀਤੀ।"

ਸਾਡੇ ਮਾਨ ਯੋਗ ਲੇਖਕ ਜੀ ਨੂੰ ਕਿੰਨਾ ਭੁਲੇਖਾ ਲਗਾ ਹੈ ਕਿ "ਸੈਮਸਨ ਡੀਲਾਈਲਾ" ਫਿਲਮ ਦੇ ਪਰਚਾਰ ਸਦਕਾ ਯੂਰਪ ਵਿਚ ਸਿਖ ਨੌਜਵਾਨਾਂ ਨੇ ਵਾਲ ਰਖਣ ਤੇ ਖੁਲ੍ਹੀਆਂ ਦਾੜ੍ਹੀਆਂ ਰਖਣੀਆਂ ਅਰੰਭ ਦਿਤੀਆਂ। ਜੇ ਇਸ ਫ਼ਿਲਮ ਦੇ ਪਰਚਾਰ ਸਦਕਾ ਹੀ ਵਾਲਾਂ ਦਾ ਬੜਾ ਪਰਚਾਰ ਹੋਇਆ ਤਾਂ ਕੀ ਲੇਖਕ ਜੀ ਦਸ ਸਕਦੇ ਹਨ ਕਿ ਯੂਰਪ ਦੇ ਕਿਤਨੇ ਕੁ ਵਸਨੀਕ ਈਸਾਈਆਂ ਅਥਵਾ ਅੰਗਰੇਜ਼ਾਂ ਆਦਿ ਨੇ ਇਸ ਦਾ ਅਸਰ ਕਬੂਲਿਆ ਤੇ ਵਾਲ ਰਖਣੇ ਸ਼ੁਰੂ ਕੀਤੇ ? ਯੂਰਪ ਵਿਚ ਵਸਦੇ ਸਿਖ ਨੌਜਵਾਨਾਂ ਦੇ ਵਾਲ ਰਖਣੇ ਅਤੇ ਖੁਲ੍ਹੇ ਦਾੜ੍ਹੇ ਰਖਣੇ ਕਿਵੇਂ ਸ਼ੁਰੂ ਹੋਏ, ਇਸ ਦੀ ਅਸਲੀਅਤ ਪਿਛੇ ਜਿਹੇ ਹਮਦਰਦ ਜੀ ਨੇ 'ਅਜੀਤ' ਦੇ ਇਕ ਐਡੀਟੋਰੀਅਲ ਵਿਚ ਪ੍ਰਗਟਾਈ ਸੀ। ਉਸ ਵਿਚ ਉਨ੍ਹਾਂ ਲਿਖਿਆ ਸੀ ਕਿ ਜਦ ਮੈਂ ਪਹਿਲੀ ਵਾਰ ਇੰਗਲੈਂਡ ਗਿਆ ਸਾਂ ਤਾਂ ਸਾਬਤ ਸੂਰਤ ਕੋਈ ਸਿਖ ਨਜ਼ਰ ਨਹੀਂ ਸੀ ਆਉਂਦਾ, ਪਰ ਹੁਣ ਜਦ ਦੂਜੀ ਵਾਰ ਗਿਆ ਤਾਂ ਹੈਰਾਨ ਹੋ ਗਿਆ ਕਿ ਸਾਊਥਹਾਲ ਤੇ ਹੋਰ ਕਈ ਸ਼ਹਿਰਾਂ ਵਿਚ ਅਨੇਕਾਂ ਸਿਖ ਨੌਜਵਾਨ ਸੁੰਦਰ ਸਜੀਲੇ ਦਾੜ੍ਹਿਆਂ ਨਾਲ ਤਿਆਰ-ਬਰ-ਤਿਆਰ ਵਿਚਰ ਰਹੇ ਹਨ। ਇਸ ਪ੍ਰੀਵਰਤਨ ਦਾ ਕਾਰਨ ਜਾਣਿਆ ਤਾਂ ਪਤਾ ਲਗਾ ਕਿ ਕੁਝ ਗੁਰਮੁਖ ਗੁਰੂ ਕੇ ਲਾਲ ਇਥੇ ਆ ਕੇ ਵਸੇ ਹਨ, ਜੋ ਇਥੇ ਕਿਰਤ ਕਾਰ ਕਰਦੇ ਹੋਇਆਂ, ਅੰਮ੍ਰਿਤ ਵੇਲੇ ਵੀ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਕਰਦੇ ਆਪ ਅਨੰਦ ਲੈਂਦੇ ਹਨ ਅਤੇ ਸਿਖ ਸੰਗਤਾਂ ਭੀ ਇਨ੍ਹਾਂ ਦੀ ਸੰਗਤ ਵਿਚ ਅਨੰਦ ਮਾਣਦੀਆਂ ਹਨ। ਇਨ੍ਹਾਂ ਗੁਰਸਿਖਾਂ ਦੇ ਅਮਲੀ ਜੀਵਨ ਦੀ ਛੁਹ ਦਾ ਪ੍ਰਭਾਵ ਦੂਜੇ ਨੌਜਵਾਨਾਂ ਤੇ ਵੀ ਪੈ ਰਿਹਾ ਹੈ ਅਤੇ ਉਹ ਵਾਲ ਰਖ ਕੇ ਨਵੇਂ ਸਿਰਿਓਂ ਸਿਖੀ ਧਾਰਨ ਕਰ ਰਹੇ ਹਨ। ਹਮਦਰਦ ਜੀ ਦੇ ਇਸ ਐਡੀਟੋਰੀਅਲ ਤੋਂ ਲੇਖਕ ਜੀ ਨੂੰ ਵੀ ਇਹ ਸਪਸ਼ਟ ਹੋ ਜਾਣਾ ਚਾਹੀਦਾ ਹੈ ਕਿ ਕਿਸੇ ਫ਼ਿਲਮ ਦੇ ਪ੍ਰਭਾਵ ਨਾਲ ਟੁਟੇ ਹੋਏ ਸਿਖ ਮੁੜ ਕੇਸ ਰਖ ਕੇ ਸਿਖੀ ਵੱਲ ਨਹੀਂ ਪ੍ਰੇਰੇ ਗਏ, ਸਗੋਂ ਉੱਚੇ ਸੁੱਚੇ ਅਮਲੀ ਜੀਵਨ ਦੀ ਛੁਹ ਨਾਲ ਕਈ ਹਿਰਦੇ ਪ੍ਰੇਰਤ ਹੋ ਕੇ ਸਿਖੀ ਵਲ ਪਰਤੇ ਹਨ।

ਲੇਖਕ ਜੀ ਨੇ ਆਪਣੇ ਲੇਖ ਵਿਚ ਇਸ ਗੱਲ ਨੂੰ ਕਈ ਵਾਰ ਦੁਹਰਾਇਆ ਹੈ ਕਿ 'ਫ਼ਿਲਮਾਂ ਵਾਲੇ' ਆਪਣੇ ਕੋਲੋਂ ਧਨ ਖ਼ਰਚ ਕਰ ਕੇ ਸਿਖਾਂ ਨੂੰ ਚੰਗਾ ਕਹਿੰਦੇ ਹਨ, ਸਿਖਾਂ ਦ ਗੁਣ ਗਾਉਂਦੇ ਹਨ, ਸਿੱਖੀ ਜੀਵਨ ਤੇ ਸਿਖ ਇਤਿਹਾਸ ਨੂੰ ਪੇਸ਼ ਕਰਦੇ ਹਨ ਅਤੇ ਮੁਫਤੋਂ ਮੁਫ਼ਤ ਕੋਈ ਪੈਸਾ ਖ਼ਰਚ ਕੀਤੇ ਬਿਨਾਂ ਹੀ ਇਹ ਸਭ ਕੁਝ ਹੁੰਦਾ ਹੈ ਤਾਂ ਸਾਡਾ ਕੀ ਵਿਗੜਦਾ ਹੈ। ਇਹ ਤਾਂ ਉਸੇ ਤਰ੍ਹਾਂ ਦੀ ਭੱਦੀ ਦਲੀਲ ਹੈ ਜਿਵੇਂ ਕੋਈ ਕਹੇ ਕਿ ਮੁਫਤੋਂ ਮੁਫ਼ਤ ਬਿਨਾਂ ਪੈਸੇ ਖ਼ਰਚ ਕੀਤੇ ਦੇ ਸ਼ਰਾਬ ਦਾ ਸਰੂਰ ਪ੍ਰਾਪਤ ਹੁੰਦਾ ਹੈ ਤਾਂ ਕੀ ਹਰਜ ਹੈ।

ਇਸ ਵਿਚ ਰਤਾ ਸ਼ੱਕ ਨਹੀਂ ਕਿ ਸ਼ਰਾਬ ਵਾਂਗ ਫ਼ਿਲਮਾਂ ਜੀਵਨ ਨੂੰ ਨਸ਼ਟ ਤੇ ਭ੍ਰਸ਼ਟ ਕਰ ਦਿੰਦੀਆਂ ਹਨ, ਭਾਵੇਂ ਉਹ ਅਖੌਤੀ ਧਾਰਮਕ ਹੋਣ, ਭਾਵੇਂ ਇਤਿਹਾਸਕ ਤੇ ਭਾਵੇਂ ਕੁਝ ਹੋਰ। ਫ਼ਿਲਮਾਂ, ਮਨੋਰੰਜਨ ਦੇ ਸੀਨ ਦਿਤੇ ਬਿਨਾਂ ਬਣਦੀਆਂ ਹੀ ਨਹੀਂ, ਉਨ੍ਹਾਂ ਵਿਚ ਕਿਸੇ ਨ ਕਿਸੇ ਰੂਪ ਵਿਚ ਪਿਆਰ-ਕਹਾਣੀਆਂ ਤੇ ਚੁਹਲ-ਮੁਹਲ ਦਿਤੇ ਹੀ ਹੁੰਦੇ ਹਨ। ਇਹ ਸਭ ਕੁਝ ਜ਼ਹਿਰ ਵਾਂਗ ਬੁਰਾ ਅਸਰ ਕਰਦੇ ਹਨ।

ਲੇਖਕ ਜੀ ਇਕ ਹੋਰ ਥਾਈਂ ਟਕਿਆਂ ਦੇ ਯਾਰ ਐਕਟਰਾਂ ਦਾ ਮੁਕਾਬਲਾ ਰਾਗੀਆਂ, ਗ੍ਰੰਥੀਆਂ ਤੇ ਪ੍ਰਚਾਰਕਾਂ ਨਾਲ ਕਰਦੇ ਹੋਏ ਕਹਿੰਦੇ ਹਨ ਕਿ ਕੀ ਇਹ ਲੋਕ ਟਕੇ ਨਹੀਂ ਲੈਂਦੇ ? ਅਤੇ ਫਿਰ ਅਗੇ ਜਾ ਕੇ ਲਿਖਦੇ ਹਨ ਕਿ ਗੁਰਪੁਰਬ ਮਨਾ ਕੇ, ਦੀਵਾਨ ਸਜਾ ਕੇ ਅਤੇ ਲੰਗਰ ਛਕ ਕੇ ਡਕਾਰ ਮਾਰ ਕੇ ਲੋਕੀ ਘਰਾਂ ਨੂੰ ਤੁਰ ਜਾਂਦੇ ਹਨ, ਇਸ ਨਾਲ ਕਿੰਨੇ ਕੁ ਲੋਕੀ ਸ਼ਰਾਬ ਛਡਦੇ ਹਨ, ਜਾਂ ਜੂਆ, ਝੂਠ ਠੱਗੀ ਆਦਿ ਨੂੰ ਤਿਆਗਦੇ ਹਨ ?

ਲੇਖਕ ਜੀ ਨੇ ਬੜੇ ਤਨਜ਼ੀਆ ਜਹੇ ਲਹਿਜੇ ਵਿਚ ਗੁਰਪੁਰਬ ਮਨਾਉਣ, ਦੀਵਾਨ ਸਜਾਉਣ ਤੇ


www.AKJ.Org

ਲੰਗਰ ਛਕਣ ਆਦਿ ਦਾ ਮਖ਼ੌਲ ਉਡਾਇਆ ਹੈ, ਅਸਲੀਅਤ ਨੂੰ ਸਮਝਣ ਸਮਝਾਣ ਦੀ ਕੋਸ਼ਸ਼ ਨਹੀਂ ਕੀਤੀ। ਗੁਰਪੁਰਬ ਮਨਾਣੇ, ਦੀਵਾਨ ਸਜਾਣੇ, ਲੰਗਰ ਕਰਨੇ ਆਦਿ ਸਿਖ ਕੌਮ ਦੀ ਜੀਵਨ-ਗੁੜ੍ਹਤੀ ਹੈ ਅਤੇ ਇਥੋਂ ਹੀ ਸਿਖੀ ਜੀਵਨ ਪੈਦਾ ਹੁੰਦਾ ਹੈ। ਪਰ ਜੇ ਸਾਡੇ ਪਰਚਾਰਕਾਂ, ਰਾਗੀਆਂ ਜਾਂ ਗ੍ਰੰਥੀਆਂ ਦੇ ਜੀਵਨ ਵਿਚ ਕੋਈ ਕਮੀ ਉਨ੍ਹਾਂ ਨੂੰ ਦਿਸੀ ਹੈ ਤਾਂ ਉਸ ਨੂੰ ਸੁਧਾਰਨ ਦੀ ਲੋੜ ਹੈ, ਨਾ ਕਿ ਸਭ ਕੁਝ ਨੂੰ ਨਿੰਦਣ ਦੀ।

ਇਕ ਹੋਰ ਥਾਂ ਲੇਖਕ ਜੀ ਲਿਖਦੇ ਹਨ ਕਿ—

> "ਬਾਕੀ ਰਾਸਧਾਰੀਆਂ ਬਾਬਤ ਜੋ ਇਹ ਗੱਲ ਕਹੀ ਗਈ ਹੈ ਕਿ ਸਾਂਗ ਬਣਨ ਵਾਲੇ ਵੀ ਅੰਤ ਨੂੰ ਛਾਰ ਹੀ ਹੋਏ ਹਨ ਤੇ ਉਹ ਅਸਲ ਸ੍ਰੀ ਰਾਮ, ਸ੍ਰੀ ਕ੍ਰਿਸ਼ਨ ਨਹੀਂ ਬਣ ਗਏ। ਇਹ ਕਹਿਣ ਦੀ ਲੋੜ ਇਸ ਲਈ ਪਈ ਸੀ ਕਿ ਉਸ ਵੇਲੇ (ਤੇ ਅੱਜ ਵੀ) ਰਾਸ ਨੂੰ ਇਕ ਧਾਰਮਿਕ ਰਸਮ ਸਮਝਿਆ ਜਾਂਦਾ ਸੀ ਤੇ ਇਹਨਾਂ ਸਵਾਂਗ-ਧਾਰੀਆਂ ਦੀ ਲੋਕ ਪੂਜਾ ਕਰਦੇ, ਮੱਥੇ ਟੇਕਦੇ ਤੇ ਸੁਖਣਾ ਸੁਖਦੇ ਸਨ। ਇਸ ਲਈ ਗੁਰੂ ਨਾਨਕ ਸਾਹਿਬ ਨੂੰ ਕਹਿਣਾ ਪਿਆ ਕਿ ਇਹ 'ਮਨ ਕਾ ਚਾਉ' ਹੈ, ਭਗਤੀ ਨਹੀਂ।"

ਮਾਨ ਯੋਗ ਲੇਖਕ ਜੀ, ਆਪ ਹੀ ਦਸੋ ਕਿ ਜੇ ਉਸ ਵੇਲੇ ਗੁਰੂ ਨਾਨਕ ਦੇਵ ਜੀ ਦੇ ਫੁਰਮਾਨ ਅਨੁਸਾਰ ਸ੍ਰੀ ਰਾਮ ਜੀ ਅਤੇ ਕ੍ਰਿਸ਼ਨ ਜੀ ਦੀਆਂ ਧਾਰਮਿਕ ਤੇ ਇਤਿਹਾਸਕ ਇਹ ਰਾਸਾਂ ਤੇ ਰਾਸਧਾਰੀਏ 'ਮਨ ਕਾ ਚਾਉ' ਸੀ ਤੇ ਭਗਤੀ ਨਹੀਂ ਸੀ ਤਾਂ ਅਜ ਦੀਆਂ ਇਹ ਫ਼ਿਲਮਾਂ ਤੇ ਇਨ੍ਹਾਂ ਦੇ ਐਕਟਰ ਕਿਵੇਂ ਅੱਖਾਂ ਦਾ ਵਿਸ਼ਾ ਤੇ 'ਮਨ ਕਾ ਚਾਉ' ਨਹੀਂ ਹਨ? ਅਤੇ ਕਿਵੇਂ ਇਹ ਭਗਤੀ ਬਣ ਸਕਦੀ ਹੈ?

ਮਨ ਦੇ ਇਹ ਹੋਛੇ ਤੇ ਥੋਥੇ ਚਾਉ ਤਿਆਗ ਕੇ ਹੀ ਭਗਤੀ ਪਾਸੇ ਲਗ ਸਕੀਦਾ ਹੈ, ਗੁਰਸਿਖੀ ਜੀਵਨ ਨੂੰ ਅਪਣਾਇਆ ਜਾ ਸਕਦਾ ਹੈ। ਗੁਰਬਾਣੀ ਸੇਧ ਦੇਂਦੀ ਹੈ ਕਿ ਮਾਇਆ ਦੇ ਬਹੁ-ਪ੍ਰਕਾਰੀ ਰੰਗਾਂ ਵਿਚ, ਮਿਹਰ ਮਲੂਕ, ਖਾਨ ਜਾਂ ਸਰਦਾਰ ਆਦਿ ਬਣ ਜਾਣ ਵਿਚ, ਘੋੜਿਆਂ ਰਥਾਂ ਤੇ ਸਵਾਰੀ ਦੇ ਹੋਰ ਸਾਧਨਾਂ ਵਿਚ, ਕਈ ਤਰ੍ਹਾਂ ਦੀਆਂ ਸੁਗੰਧੀਆਂ, ਮਹਿਲ ਮਾੜੀਆਂ ਅਤੇ ਤਖ਼ਤਾਂ ਤਾਜਾਂ ਆਦਿ ਵਿਚ ਕਿਸੇ ਦੀ ਤ੍ਰਿਪਤੀ ਨਹੀਂ ਹੋ ਸਕਦੀ। ਇਸੇ ਤਰ੍ਹਾਂ—

ਨਟ ਨਾਟਿਕ ਆਖਾਰੇ ਗਾਇਆ ॥ ਤਾ ਮਹਿ ਮਨਿ ਸੰਤੋਖੁ ਨ ਪਾਇਆ ॥

ਅਤੇ ਫਿਰ ਹੋਰ ਉਪਦੇਸ਼ ਦਿੰਦੇ ਹਨ ਕਿ—

ਆਖੇੜ ਬਿਰਤਿ ਰਾਜਨ ਕੀ ਲੀਲਾ ॥ ਮਨੁ ਨ ਸੁਹੇਲਾ ਪਰਪੰਚ ਹੀਲਾ ॥

ਅਖੀਰ ਸਾਰ ਸਿੱਟਾ ਇਹੋ ਦਸਿਆ ਹੈ ਕਿ ਤ੍ਰਿਸ਼ਨਾ ਮਿਟਾਉਣ ਤੇ ਮਨ ਤ੍ਰਿਪਤਾਉਣ ਦਾ ਇਕੋ ਵਸੀਲਾ ਹੈ—

ਜਾ ਕੈ ਹਰਿ ਧਨੁ ਸੋਈ ਸੁਹੇਲਾ ॥ ਪ੍ਰਭ ਕਿਰਪਾ ਤੇ ਸਾਧ ਸੰਗਿ ਮੇਲਾ ॥ (ਪੰਨਾ ੧੭੯)

ਗੁਰਮੁਖ ਨਾਮ-ਰਸੀਆਂ ਦੀ ਸੰਗਤ ਵਿਚ ਮਿਲ ਕੇ, ਨਾਮ ਬਾਣੀ ਨਾਲ ਜੁੜ ਕੇ ਸੁਖੀ ਹੋ ਸਕੀਦਾ ਹੈ। ਮਾਇਅਕ ਪਦਾਰਥਾਂ ਦੇ ਕੌਤਕਾਂ ਤਮਾਸ਼ਿਆਂ ਬਾਰੇ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ—

ਕਉਤਕ ਕੋਡ ਤਮਾਸਿਆ, ਚਿਤਿ ਨ ਆਵਸੁ ਨਾਉ ॥
ਨਾਨਕ ਕੋੜੀ ਨਰਕ ਬਰਾਬਰੇ, ਉਜੜੁ ਸੋਈ ਥਾਉ ॥ (ਪੰਨਾ ੭੦੭)

ਇਸ ਸਲੋਕ ਦੇ ਨਾਲ ਦੀ ਪਉੜੀ ਦੇ ਅੰਤ ਵਿਚ ਗੁਰੂ ਪਾਤਿਸ਼ਾਹ ਸਾਰ-ਸਿੱਟਾ ਕਢਦੇ ਹੋਏ ਫ਼ੁਰਮਾਦੇ ਹਨ—"ਬਿਨੁ ਪੂਰੇ ਗੁਰਦੇਵ ਫਿਰੈ ਸੈਤਾਨਿਆ ॥"

ਮਨੁਖ ਗੁਰ-ਉਪਦੇਸ਼ਾਂ ਨੂੰ ਛਡ ਕੇ ਮਾਇਕ ਪ੍ਰਭਾਵ ਹੇਠਾਂ ਖੇਡਾਂ ਤਮਾਸ਼ਿਆਂ ਵਿਚ ਸ਼ੈਤਾਨਿਆ ਪਿਆ ਹੈ। ਇਨ੍ਹਾਂ ਤਮਾਸ਼ਿਆਂ ਦੇ ਮੁੱਠੇ ਹੋਏ ਮਨ ਵਿਚ ਨਾਮ ਵਸ ਹੀ ਨਹੀਂ ਸਕਦਾ, ਮਨ ਸਤਸੰਗਤ ਵਿਚ ਜੁੜ ਹੀ ਨਹੀਂ ਸਕਦਾ।


www.AKJ.Org

ਭਾਈ ਗੁਰਦਾਸ ਜੀ ਭੀ ਵ੍ਹਾਰਾਂ ਵਿਚ ਕਹਿੰਦੇ ਹਨ ਕਿ ਅਖਾਂ ਬਹੁ-ਰੰਗੀ ਤਮਾਸ਼ੇ ਵੇਖ ਵੇਖ ਨਹੀਂ ਰਜਦੀਆਂ, ਇਸੇ ਤਰ੍ਹਾਂ ਕੰਨ ਉਸਤਤ ਨਿੰਦਾ ਅਤੇ ਰੋਣੇ ਤੇ ਹਾਸੇ ਸੁਣ ਸੁਣ ਕੇ, ਨੱਕ ਵਾਸ ਲੈ ਲੈ ਕੇ ਤੇ ਜੀਭ ਰਸਾਂ ਕਸਾਂ ਦੇ ਭੋਗ ਭੋਗ ਕੇ ਕਦੇ ਤ੍ਰਿਪਤ ਨਹੀਂ ਹੋ ਸਕਦੀ। ਇਹ ਸਭ ਕੂੜੇ ਭਰਵਾਸੇ ਹਨ। ਸਚੀ ਰਹਿਰਾਸ ਕੇਵਲ ਸਤਿਗੁਰੂ ਤੇ ਸਿਖ ਦੀ ਪ੍ਰੀਤ ਕਮਾਉਣ ਵਿਚ ਹੀ ਹੈ। ਗੁਰਸਿਖੀ ਜੀਵਨ ਜੀਉ ਕੇ ਸਤਿਗੁਰੂ ਨਾਲ ਸਚੀ ਪ੍ਰੀਤ ਕਮਾ ਕੇ ਗੁਰਸਿਖ ਤਾਂ ਇਨ੍ਹਾਂ ਤੁਕਾਂ ਅਨੁਸਾਰ ਆਪਣੇ ਆਪ ਨੂੰ ਢਾਲਦੇ ਹਨ—

ਰੋਮਿ ਰੋਮਿ ਮਨਿ ਤਨਿ ਇਕ ਬੇਦਨ, ਮੈ ਪ੍ਰਭ ਦੇਖੇ ਬਿਨੁ ਨੀਦ ਨ ਪਈਆ ॥
ਬੈਦਕ ਨਾਟਿਕ ਦੇਖਿ ਭੁਲਾਨੇ, ਮੈ ਹਿਰਦੈ ਮਨਿ ਤਨਿ ਪ੍ਰੇਮ ਪੀਰ ਲਗਈਆ ॥ (ਪੰਨਾ ੮੩੬)

ਲੇਖਕ ਜੀ ਦੀ ਬਾਕੀ ਇਹ ਗੱਲ ਰਹਿ ਜਾਂਦੀ ਹੈ ਕਿ ਸ਼੍ਰੋਮਣੀ ਕਮੇਟੀ ਦੀ ਪ੍ਰਵਾਨਗੀ ਨਾਲ ਇਹ ਧਾਰਮਿਕ ਫ਼ਿਲਮ ਬਣਾਈ ਗਈ। ਇਸ ਸੰਬੰਧ ਵਿਚ ਓਦੋਂ ਕਈ ਲੇਖ ਇਸ ਭਾਵ ਦੇ ਛਪਦੇ ਰਹੇ ਕਿ ਸਿਖ ਕੌਮ ਦੇ ਲੀਡਰ ਤੇ ਕਰਮਚਾਰੀ, ਫ਼ਿਲਮਾਂ ਵਾਲਿਆਂ ਨੇ ਲੱਖਾਂ ਰੁਪਏ ਦੇ ਕੇ ਖ਼ਰੀਦ ਲਏ ਹਨ। ਇਉਂ ਗੁਰ-ਅਸਥਾਨਾਂ ਦੀ ਪਵਿਤਰਤਾ ਭੰਗ ਕਰਨ-ਕਰਾਉਣ ਵਿਚ ਕੋਈ ਰੋਕ-ਟੋਕ ਨ ਰਹੀ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਅਤੇ ਪ੍ਰਕਰਮਾਂ ਵਿਚ ਬੇਅਦਬੀ ਤੇ ਬੇਸ਼ਰਮੀ ਦੇ ਜੋ ਕੁਹਜੇ ਤੇ ਗੰਦੇ ਦਿਖਾਵੇ ਇਨ੍ਹਾਂ ਆਚਰਨ-ਹੀਣ ਫ਼ਿਲਮੀ ਐਕਟਰਾਂ ਰਾਹੀਂ ਬਨਾਉਟੀ ਦਾੜ੍ਹੀ ਮੁੱਛਾਂ ਲਾ ਕੇ, ਬਨਾਉਟੀ ਬਣੇ ਸਿਖਾਂ ਦੇ ਰੂਪ ਵਿਚ ਕੀਤੇ ਗਏ, ਉਨ੍ਹਾਂ ਨੂੰ ਵੇਖ ਵੇਖ ਭੈ-ਭਾਵਨੀ ਵਾਲੇ ਗੁਰਸਿਖ ਹਿਰਦੇ ਤੜਫ਼ ਉਠੇ ਸਨ।

ਫ਼ਿਲਮਾਂ ਰਾਹੀਂ ਇਸ ਕੁਹਜੇ ਪਰਚਾਰ ਦੀ ਨਿੰਦਾ ਕਰਦਿਆਂ ਅਖੰਡ ਕੀਰਤਨੀ ਜਥੇ ਨੇ ੧੧ ਨਵੰਬਰ ੧੯੭੩ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸ਼ਵ ਗੁਰਪੁਰਬ ਸਮੇਂ ਜਲੰਧਰ ਵਿਖੇ ਸਜੇ ਭਾਰੀ ਦੀਵਾਨ ਵਿਚ ਗੁਰਮਤਾ ਖ਼ਾਸ ਕੀਤਾ ਕਿ ਸਿਖ ਇਤਿਹਾਸ ਜਾਂ ਸਿਖ ਰਵਾਇਤਾਂ ਸੰਬੰਧੀ ਫ਼ਿਲਮਾਂ ਦਾ ਬਣਾਏ ਜਾਣਾ ਗੁਰਮਤਿ ਦੇ ਵਿਰੁਧ ਹੈ। ਸ਼੍ਰੋਮਣੀ ਕਮੇਟੀ, ਹੋਰ ਸੰਸਥਾਵਾਂ ਤੇ ਸਰਕਾਰ ਨੂੰ ਵੀ ਬੇਨਤੀ ਕੀਤੀ ਗਈ ਕਿ ਇਨ੍ਹਾਂ ਨੂੰ ਬੰਦ ਕਰਾਉਣ ਦਾ ਫ਼ੌਰੀ ਕੋਈ ਕਾਨੂੰਨ ਬੰਨ੍ਹਿਆ ਜਾਵੇ।

ਇਸੇ ਤਰ੍ਹਾਂ ੧੫ ਜੁਲਾਈ ੧੯੭੪ ਦੀ 'ਗੁਰਮਤਿ ਵਿਚਾਰ ਪਤ੍ਰਕਾ' ਵਿਚ ਬੰਬਈ ਵਿਚ ਹੋਈ ਸਿੰਘ ਸਭਾ ਸ਼ਤਾਬਦੀ ਕਮੇਟੀ ਦੀ ਮੀਟਿੰਗ ਦਾ ਇਕ ਗੁਰਮਤਾ ਦਿਤਾ ਗਿਆ ਹੈ ਕਿ ਸਿਖ ਧਰਮ ਸੰਬੰਧੀ ਕਿਸੇ ਪਰਕਾਰ ਦੀ ਕੋਈ ਫਿਲਮ ਨਾ ਬਣਨ ਦਿਤੀ ਜਾਵੇ। ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ਫ਼ਿਲਮਾਂ ਬਣਾਣ ਦੀ ਦਿਤੀ ਆਗਿਆ ਫ਼ੌਰਨ ਵਾਪਸ ਲਈ ਜਾਵੇ ਅਤੇ ਐਲਾਨ ਕਰੇ ਕਿ ਅਗੋਂ ਅਜਿਹੀ ਆਗਿਆ ਨਹੀਂ ਦਿਤੀ ਜਾਵੇਗੀ। ਇਹ ਮਤਾ "ਸਤਿਗੁਰੂ ਨਾਨਕ ਬਖਸ਼ਣਹਾਰ" ਫ਼ਿਲਮ ਵਿਚ ਗੰਦ ਅਤੇ ਇਤਿਹਾਸ ਦਾ ਮਰੋੜ-ਤਰੋੜ ਕੇ ਪੇਸ਼ ਕਰਨ ਨੂੰ ਵੇਖ ਕੇ ਖ਼ਾਸ ਕੀਤਾ ਗਿਆ ਸੀ।

ਇਕ ਬਿਆਨ ਜਥੇਦਾਰ ਮੋਹਣ ਸਿੰਘ ਤੁੜ ਦਾ ਛਪਿਆ ਸੀ ਕਿ ਪਤਿਤ, ਸ਼ਰਾਬੀ, ਸਿਗਰਟ-ਨੋਸ਼ ਕਲਾਕਾਰ (ਨਕਲੀਏ) ਸਤਿਗੁਰਾਂ, ਸ਼ਹੀਦਾਂ ਅਤੇ ਸਿਖ ਸੂਰਬੀਰਾਂ ਦੀਆਂ ਨਕਲਾਂ ਉਤਾਰ ਕੇ ਮਨੋਰੰਜਨ ਦਾ ਸਾਧਨ ਨਾ ਬਣਾਉਣ। ਸਿਖ ਧਰਮ ਕਚਿਆਂ ਪਿਲਿਆਂ, ਬਨਾਉਟੀ ਤੇ ਨਕਲੀਆਂ ਦਾ ਧਰਮ ਨਹੀਂ। ਇਸ ਨੂੰ "ਖੰਨਿਅਹੁ ਤਿਖੀ ਵਾਲਹੁ ਨਿਕੀ" ਦਸਿਆ ਹੈ ਅਤੇ ਇਸ ਤੇ ਚਲਣ ਵਾਲਿਆਂ ਨੇ ਖੰਡੇ ਦੀ ਧਾਰ ਤੇ ਸੀਸ ਭੇਟ ਕਰ ਕੇ ਸਿਖ਼ੀ ਪ੍ਰਾਪਤ ਕੀਤੀ ਹੈ। ਉਸ ਸਿਖੀ ਨੂੰ ਇਸ ਤਰ੍ਹਾਂ ਡਰਾਮਿਆਂ ਤੇ ਫ਼ਿਲਮਾਂ ਰਾਹੀਂ ਭੰਡੀ ਪ੍ਰਚਾਰ ਦਾ ਨਿਸ਼ਾਨਾ ਨਹੀਂ ਬਣਨ ਦਿਤਾ ਜਾਵੇਗਾ।"

ਸਿਖ ਸੰਗਤਾਂ ਵਲੋਂ ਇਨ੍ਹਾਂ ਫ਼ਿਲਮਾਂ ਦੇ ਬਰਖ਼ਿਲਾਫ਼ ਰੌਲਾ ਪਾਉਣ ਤੇ ਚੀਫ਼ ਖਾਲਸਾ ਦੀਵਾਨ ਨੇ ਨਵਾਂ ਪੈਂਤੜਾ ਧਾਰਨ ਕਰ ਲਿਆ ਕਿ ਸਿਖ ਧਰਮ ਬਾਰੇ ਬਣਨ ਵਾਲੀਆਂ ਫਿਲਮਾਂ ਚੀਫ਼ ਖਾਲਸਾ ਦੀਵਾਨ ਤੇ ਸ਼੍ਰੋਮਣੀ ਕਮੇਟੀ ਦੇ ਨੁਮਾਇੰਦਿਆਂ ਦੇ ਬੋਰਡ ਤੋਂ ਸੈਂਸਰ ਕਰਵਾ ਕੇ ਬਣਾਈਆਂ ਤੇ ਚਲਾਈਆਂ ਜਾਣ। ਸਮਝ


www.AKJ.Org

ਨਹੀਂ ਆਈ ਕਿ ਇਸ ਬੋਰਡ ਦੇ ਸੈਂਸਰ ਕਰਨ ਨਾਲ ਇਕ ਨਿੰਦਨੀਯ ਵਸਤੂ ਚੰਗੀ ਕਿਵੇਂ ਬਣ ਸਕਦੀ ਹੈ ? ਕੀ ਇਸ ਸੈਂਸਰ ਨਾਲ ਆਚਰਨ-ਹੀਨ ਐਕਟਰ-ਐਕਟਰੈਸਾਂ ਦਾ ਆਚਰਨ ਉਚਾ ਹੋ ਜਾਏਗਾ ? ਕੀ ਅਗੇ ਸਾਡੀ ਨੁਮਾਇੰਦਾ ਸੰਸਥਾ ਵਲੋਂ ਪਰਵਾਨ ਹੋ ਕੇ ਚਲ ਰਹੀਆਂ ਸਿਖ ਫ਼ਿਲਮਾਂ ਵਿਚ ਚੇਸ਼ਟਾ-ਉਤੇਜਨ-ਕਰਨ-ਵਾਲੇ ਸੀਨ ਨਹੀਂ ਹਨ ? ਇਨ੍ਹਾਂ ਫ਼ਿਲਮਾਂ ਰਾਹੀਂ ਨਾ ਕੋਈ ਸਿਖ ਬਣ ਸਕਦਾ ਹੈ, ਨਾ ਆਚਰਨ ਉਸਰ ਸਕਦਾ ਹੈ ਤੇ ਨਾ ਹੀ ਨੌਜਵਾਨ ਪਤਿਤ-ਕਰਮਾਂ ਤੋਂ ਹਟ ਸਕਦੇ ਹਨ । ਜਿਸ ਕਾਰਜ ਨਾਲ ਕੁਝ ਸੌਰਨਾ ਨਹੀਂ; ਸਗੋਂ ਬਰਬਾਦੀ ਤੇ ਅਯਾਸ਼ੀ ਵਲ ਪ੍ਰੇਰਨਾ ਹੀ ਹੈ, ਉਸ ਨੂੰ ਗਲੋਂ ਲਾਹੁਣ ਵਿਚ ਹੀ ਭਲਾ ਹੈ ।

ਸਾਨੂੰ ਦੁਖ ਹੋ ਰਿਹਾ ਹੈ ਕਿ ਇਨ੍ਹਾਂ ਧਾਰਮਿਕ ਤੇ ਇਤਿਹਾਸਕ ਫ਼ਿਲਮਾਂ ਦੀ ਚੇਸ਼ਟਾ ਕੌਮ ਵਿਚ ਅਮਰ ਵੇਲ ਵਾਂਗ ਬੁਰੀ ਤਰ੍ਹਾਂ ਫੈਲ ਰਹੀ ਹੈ ਅਤੇ ਡਰ ਹੈ ਕਿ ਇਹ ਸਿਖ ਕੌਮ ਦੇ ਆਚਰਨ ਤੇ ਕਿਰਦਾਰ ਨੂੰ ਕਿਤੇ ਅਜਿਹਾ ਨਾ ਲਪੇਟ ਲਵੇ ਕਿ ਨਾਮ-ਬਾਣੀ ਦੀ ਕਮਾਈ ਕਰਨ ਵਾਲੇ ਗੁਰਸਿਖ, ਢੂੰਡਿਆਂ ਵੀ ਨਾ ਲਭ ਸਕਣ । ਧਾਰਮਕ ਫਿਲਮਾਂ ਦੀ ਇਸ ਵਧਦੀ ਚੇਸ਼ਟਾ ਅਧੀਨ ਬੜੇ ਬੜੇ ਸ਼ਰਧਾਵਾਨ ਸਿਖ ਘਰਾਣਿਆਂ ਵਿਚ ਇਨ੍ਹਾਂ ਫ਼ਿਲਮਾਂ ਨੂੰ ਵੇਖਣ ਦੇ ਬਹਾਨੇ ਘਰਾਂ ਵਿਚ ਟੈਲੀਵੀਯਨ ਆ ਗਏ ਹਨ ਅਤੇ ਸਵੇਰੇ ਸ਼ਾਮ ਬਾਣੀ ਦੇ ਪਾਠ ਅਤੇ ਗੁਰੂ ਪਾਤਸ਼ਾਹ ਦੀ ਹਾਜ਼ਰੀ ਭਰਨ ਦੀ ਥਾਂ ਇਨ੍ਹਾਂ ਟੀ. ਵੀਆਂ ਦੀ ਹਾਜ਼ਰੀ ਭਰੀ ਜਾਣ ਲਗ ਪਈ ਹੈ । ਵੇਖਣ ਵਿਚ ਆ ਰਿਹਾ ਹੈ ਕਿ ਛੋਟੇ ਛੋਟੇ ਬੱਚੇ ਇਨ੍ਹਾਂ ਟੈਲੀਵੀਯਨਾਂ ਦੇ ਆਲੇ ਦੁਆਲੇ ਰੰਗ-ਬਰੰਗੀਆਂ ਮਨਾਂ ਨੂੰ ਭੜਕਾਉਣ ਤੇ ਉਤੇਜਿਤ ਕਰਨ ਵਾਲੀਆਂ ਫ਼ਿਲਮਾਂ ਨੂੰ ਵੇਖਣ ਲਈ ਇਕੱਠੇ ਹੋਏ ਰਹਿੰਦੇ ਹਨ । ਕੀ ਕੌਮ ਦੀ ਪਨੀਰੀ ਨੂੰ ਅਸੀਂ ਆਪ ਸਿਖੀ ਜੀਵਨ ਵਲੋਂ ਮੋੜ ਕੇ ਅਵਾਰਾ ਤੇ ਨਿਘਰੇ ਹੋਏ ਪਾਸੇ ਵਲ ਨਹੀਂ ਮੋੜ ਰਹੇ ? ਅਸੀਂ ਆਪਣੇ ਜੀਵਨ ਦਾ ਤਾਂ ਭਲਾ ਖ਼ਿਆਲ ਨਾ ਕਰੀਏ, ਪਰ ਆਪਣੇ ਬੱਚਿਆਂ ਤੇ ਤਰਸ ਕਰੀਏ ਅਤੇ ਉਨ੍ਹਾਂ ਨੂੰ ਅਵਾਰਗੀ ਵਾਲੇ ਜੀਵਨ ਤੋਂ ਬਚਾਈਏ । ਇਹ ਫ਼ਿਲਮਾਂ ਤੇ ਟੈਲੀਵੀਯਨ ਸਾਡੇ ਜੀਵਨ ਨਸ਼ਟ ਤੇ ਭ੍ਰਸ਼ਟ ਕਰ ਦੇਣਗੇ ।

ਅਖ਼ੀਰ ਵਿਚ ਫਿਰ ਇਹੋ ਹੀ ਕਹਿਣਾ ਪੈਂਦਾ ਹੈ ਕਿ ਕੌਮ ਦਾ ਜੀਵਨ ਉਚੇ ਸੁਚੇ ਅਮਲੀ ਜੀਵਨ ਵਾਲੇ ਗੁਰਮੁਖਾਂ ਗੁਰਸਿਖਾਂ ਦੀ ਸੰਗਤ ਵਿਚ ਹੀ ਉਸਰ ਸਕਦਾ ਹੈ । ਸਾਨੂੰ ਲੋੜ ਹੈ ਗੁਰਸਿਖੀ ਮੰਡਲ ਵਾਲੇ ਅਮਲੀ ਜੀਵਨ ਬਣਾਉਣ ਦੀ, ਗੁਰਮਤਿ ਮਰਯਾਦਾ ਵਿਚ ਪਰਪੱਕ ਹੋਣ ਦੀ, ਅੰਮ੍ਰਿਤ ਵੇਲੇ ਜਾਗ ਕੇ ਨਾਮ-ਬਾਣੀ ਦੇ ਸਿਮਰਨ-ਅਭਿਆਸ ਦੀ ਅਤੇ ਗੁਰਮਤਿ-ਗੁਣਾਂ ਨੂੰ ਆਪਣੇ ਅੰਦਰ ਵਸਾਉਣ ਦੀ । ਇਨ੍ਹਾਂ ਫ਼ਿਲਮਾਂ ਨਾਲ ਸਾਡਾ ਕੁਝ ਨਹੀਂ ਸੌਰਨਾ ।

---

## ਭਾਈ ਗੁਰਨਾਮ ਸਿੰਘ ਜੀ ਯੂ.ਕੇ. ਦੇ ਪਿਤਾ ਅਕਾਲ ਚਲਾਣਾ ਕਰ ਗਏ

'ਸੂਰਾ' ਮਾਸਕ ਪੱਤਰ ਦੇ ਯੂ. ਕੇ. ਵਿਚ ਸਰਪ੍ਰਸਤੀ ਕਰ ਰਹੇ ਅਤੇ ਅਖੰਡ ਕੀਰਤਨੀ ਜਥਾ ਯੂ. ਕੇ. ਦੇ ਜਨਰਲ ਸਕੱਤਰ ਭਾਈ ਗੁਰਨਾਮ ਸਿੰਘ ਜੀ ਦੇ ਸਤਿਕਾਰਯੋਗ ਪਿਤਾ ਸ: ਲੱਖਾ ਸਿੰਘ ਜੀ ੨੧-੨-੯੪ ਨੂੰ ਆਪਣੇ ਪਿੰਡ ਅਤੋਵਾਲ (ਹੁਸ਼ਿਆਰਪੁਰ) ਵਿਚ ਅਕਾਲ ਚਲਾਣਾ ਕਰ ਗਏ । ਉਨ੍ਹਾਂ ਦੀ ਆਤਮਾ ਦੀ ਸਹਾਇਤਾ ਲਈ ਯੂ. ਕੇ. ਵਿਚ ਭਾਈ ਸਾਹਿਬ ਵਲੋਂ ਸ੍ਰੀ ਅਖੰਡਪਾਠ ਤੇ ਕੀਰਤਨ ਸਮਾਗਮ ਕੀਤੇ ਗਏ ਅਤੇ ਸੰਗਤਾਂ ਨੇ ਅਰਦਾਸ ਵਿਚ ਸ਼ਾਮਲ ਹੋ ਕੇ ਵਿਛੜੀ ਰੂਹ ਨੂੰ ਅਸੀਸੜੀਆਂ ਦਿਤੀਆਂ । ਸੂਰਾ-ਪਰਵਾਰ ਵਲੋਂ ਸਤਿਗੁਰੂ ਜੀ ਦੇ ਚਰਨਾਂ ਵਿਚ ਜੋਦੜੀ ਹੈ ਕਿ ਉਹ ਸ: ਲੱਖਾ ਸਿੰਘ ਜੀ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ ਅਤੇ ਉਨ੍ਹਾਂ ਦੇ ਗੁਰਮੁਖ ਪਰਵਾਰ ਨੂੰ ਸਿਖੀ ਜੀਵਨ ਭਾਣੇ ਤੇ ਸ਼ੁਕਰ ਵਿਚ ਗੁਜ਼ਾਰਨ ਦੀ ਸਮੱਰੱਥਾ ਬਖ਼ਸ਼ਦੇ ਹੋਏ ਚੜ੍ਹਦੀਆਂ ਕਲਾਂ ਪ੍ਰਦਾਨ ਕਰਨ ।


www.AKJ.Org

### ਸੰਵਿਧਾਨ ਦੀ ਧਾਰਾ ੨੫ ਸਾੜਨ ਲਈ

# ਸ਼ੋ੍ਮਣੀ ਅਕਾਲੀ ਦਲ ਮਜਬੂਰ ਕਿਉਂ ਹੋਇਆ ?

ਸ਼੍ਰੋਮਣੀ ਅਕਾਲੀ ਦਲ ਨੇ,ਪੰਜਾਬੀਆਂ ਅਤੇ ਸਿੱਖਾਂ ਦੀਆਂ ਸੰਵਿਧਾਨਕ ਤੇ ਹੱਕੀ ਮੰਗਾਂ ਮੰਨਵਾਉਣ ਲਈ, ਲੰਮੇ ਸਮੇਂ ਤੋਂ ਚਲ ਰਹੇ ਪੁਰਅਮਨ ਤੇ ਸ਼ਾਂਤਮਈ ਸੰਘਰਸ਼ ਵਿਚ, ਲੱਖਾਂ ਗ੍ਰਿਫਤਾਰੀਆਂ ਦੇਣ ਅਤੇ ਸੈਂਕੜੇ ਪੰਜਾਬੀਆਂ ਦੀਆਂ ਸ਼ਹਾਦਤਾਂ ਪਿਛੋਂ ਜਦੋਂ ੨੭ ਫਰਵਰੀ ੧੯੮੪ ਨੂੰ ਦਿੱਲੀ ਅਤੇ ਚੰਡੀਗੜ੍ਹ ਵਿਚ ਸਿੱਖਾਂ ਦੀ ਵੱਖਰੀ ਹਸਤੀ ਤੋਂ ਮੁਨਕਰ ਹੋਣ ਵਾਲੀ ਸੰਵਿਧਾਨ ਦੀ ਧਾਰਾ ੨੫ ਦੀ ਕਲਾਜ਼ ੨ ਨੂੰ ਸਾੜ ਕੇ ਆਪਣੇ ਰੋਹ ਦਾ ਪ੍ਰਗਟਾਵਾ ਕੀਤਾ ਹੈ ਤਾਂ ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੋਂ ਲੈ ਕੇ,ਹਰ ਕਾਂਗਰਸੀ ਪਿੱਟ ਉਠਿਆ ਹੈ । ਬਾਰ ਬਾਰ ਪੁਛਿਆ ਜਾ ਰਿਹਾ ਹੈ ਕਿ ਜੇ ਸੰਵਿਧਾਨ ਵਿਚ ਕੋਈ ਨੁਕਸ ਸੀ ਤਾਂ ਪਹਿਲਾਂ ਕਿਉਂ ਨਾ ਇਤਰਾਜ਼ ਕੀਤਾ ਗਿਆ?

ਅਜਿਹੇ ਲੋਕਾਂ ਦੀ ਗਿਆਤ ਲਈ ਮੈਂ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ੨੬ ਨਵੰਬਰ ੧੯੪੯ ਨੂੰ ਜਦੋਂ ਮੌਜੂਦਾ ਭਾਰਤੀ ਸੰਵਿਧਾਨ ਦਾ ਖਰੜਾ ਪਾਸ ਕੀਤਾ ਗਿਆ ਤੇ ਇਸ ਖਰੜੇ ਤੇ ਸੰਵਿਧਾਨਕ ਕਮੇਟੀ ਦੇ ਦੋ ਸਿੱਖ ਮੈਂਬਰਾਂ ਸਵਰਗੀ ਸ: ਹੁਕਮ ਸਿੰਘ ਅਤੇ ਸ: ਭੁਪਿੰਦਰ ਸਿੰਘ ਮਾਨ ਨੇ ਅਕਾਲੀ ਦਲ ਦੇ ਆਦੇਸ਼ ਅਨੁਸਾਰ ਦਸਖ਼ਤ ਨਹੀਂ ਸਨ ਕੀਤੇ ਤੇ ਸਿੱਖਾਂ ਨੂੰ ਸੰਵਿਧਾਨਕ ਗਰੰਟੀ ਨਾ ਦਿਤੇ ਜਾਣ ਵਿਰੁਧ ਰੋਸ ਦਾ ਪ੍ਰਗਟਾਵਾ ਕੀਤਾ ਸੀ, ਪਰ ਬਹੁਗਿਣਤੀ ਦੇ ਜ਼ੋਰ ਨਾਲ ਸਿੱਖਾਂ ਦੀ ਅਵਾਜ਼ ਕੁਚਲ ਦਿਤੀ ਗਈ ਤੇ ਸਿੱਖਾਂ ਨੂੰ ਜਬਰੀ ਤੌਰ ਤੇ ਹਿੰਦੂਆਂ ਨਾਲ ਨੱਥੀ ਕਰ ਦਿਤਾ ਗਿਆ ।

ਪਰ ਮੈਂ ਸੰਵਿਧਾਨ, ਕੌਮੀ ਏਕਤਾ, ਧਰਮ-ਨਿਰਪੇਖਤਾ ਤੇ ਦੇਸ਼ ਦੀ ਅਖੰਡਤਾ ਦੇ ਇਨ੍ਹਾਂ ਅਖੌਤੀ ਠੇਕੇਦਾਰਾਂ ਕੋਲੋਂ ਇਹ ਪੁਛਣਾ ਚਾਹੁੰਦਾ ਹਾਂ ਕਿ :

* ਜੇ ੨੬ ਜਨਵਰੀ ੧੯੫੦ ਤੋਂ ੧੯੮੪ ਤਕ ਇਸ ਸੰਵਿਧਾਨ ਵਿਚ ੪੫ ਤਰਮੀਮਾਂ ਹੋ ਚੁਕਣ ਪਿਛੋਂ ਇਸ ਸੰਵਿਧਾਨ ਦਾ ਕੁਝ ਨਹੀਂ ਵਿਗੜਿਆ ਤਾਂ ਧਾਰਾ ੨੫ ਵਿਚ ਸੋਧ ਕਰ ਕੇ, ਸਿੱਖਾਂ ਨੂੰ ਅਜ਼ਾਦ ਹਸਤੀ ਦੀ ਸੰਵਿਧਾਨਕ ਗਰੰਟੀ ਨਾਲ ਕਿਹੜਾ ਅਸਮਾਨ ਡਿੱਗ ਪਵੇਗਾ ?
* ਕੀ ਭਾਰਤੀ ਸੰਵਿਧਾਨ ਦੇ ਅਖੌਤੀ ਪਹਿਰੇਦਾਰ ਦੱਸ ਸਕਦੇ ਹਨ ਕਿ ਸਵਾ ਦੋ ਲੱਖ ਵਲੰਟੀਅਰ ਜੇਲ੍ਹ ਭੇਜਣ, ਦੋ ਸੌ ਤੋਂ ਵੱਧ ਸੂਰਬੀਰਾਂ ਦੀਆਂ ਸ਼ਹਾਦਤਾਂ ਹੋਣ, ਸ਼ਾਂਤਮਈ, 'ਰੇਲ ਰੋਕੋ', 'ਰਸਤਾ ਰੋਕੋ', 'ਕੰਮ ਰੋਕੋ' ਅਤੇ ਮੁਕੰਮਲ ਸ਼ਾਂਤਮਈ 'ਪੰਜਾਬ ਬੰਦ' ਪਿਛੋਂ ਵੀ ਜੇ ਸਰਕਾਰ, ਲੋਕਾਂ ਨੂੰ ਇਨਸਾਫ਼ ਦੇਣ ਦੇ ਰਾਹ ਤੇ ਨਾ ਆਵੇ ਤਾਂ ਲੋਕਾਂ ਕੋਲ ਅਖ਼ਤਿਆਰ ਕਰਨ ਲਈ ਕਿਹੜਾ ਰਾਹ ਰਹਿ ਜਾਂਦਾ ਹੈ ?
* ਕੀ ਪੰਜਾਬ ਤੇ ਸਿੱਖਾਂ ਦੀਆਂ ਹੱਕੀ,ਸੰਵਿਧਾਨਕ ਤੇ ਅਸੂਲੀ ਮੰਗਾਂ ਨੂੰ ਪੂਰਿਆਂ ਕਰ ਕੇ, ਸਿੱਖਾਂ ਨੂੰ ਸੰਤੁਸ਼ਟ ਕਰਨ ਦੀ ਬਜਾਏ, 'ਸਿੱਖ ਕੌਮ' ਅਤੇ ਸ਼ਰੋਮਣੀ ਅਕਾਲੀ ਦਲ ਨੂੰ ਬਦਨਾਮ ਕਰਨ ਲਈ, ਸਿੱਖਾਂ ਦੀ ਦੇਸ਼-ਭਗਤੀ ਬਾਰੇ ਸ਼ੰਕੇ ਪੈਦਾ ਕਰਨ ਅਤੇ ਸੰਸਾਰ ਭਰ ਵਿਚ ਸਿੱਖਾਂ ਨੂੰ ਜ਼ਲੀਲ ਕਰਨ ਲਈ, ਕੇਂਦਰ ਦੇ ਫ਼ਿਰਕੂ ਹੁਕਮਰਾਨਾਂ,ਦੇਸ਼ ਦੀ ਪ੍ਰਧਾਨ ਮੰਤਰੀ ਅਤੇ ਸਰਕਾਰ ਨੇ,ਪ੍ਰਚਾਰ ਅਤੇ ਸੰਚਾਰ ਦੇ ਸਾਰੇ ਸਾਧਨ, ਪ੍ਰੈਸ, ਰੇਡੀਓ ਤੇ ਟੀ. ਵੀ. ਦੀ ਅੰਨ੍ਹੀ ਦੁਰਵਰਤੋਂ ਕਰ ਕੇ ਸੰਵਿਧਾਨ ਦੀ ਤੌਹੀਨ ਨਹੀਂ ਕੀਤੀ ?
* ਸ਼ਰੋਮਣੀ ਅਕਾਲੀ ਦਲ ਨੇ ਬਾਰ ਬਾਰ ਇਹ ਚੈਲਿੰਜ ਕੀਤਾ ਹੈ ਕਿ ਵੱਖਵਾਦ, ਅਤਿਵਾਦ ਅਤੇ ਹਿੰਸਕ ਘਟਨਾਵਾਂ ਦੀ ਜਾਂਚ ਕਰਨ ਲਈ ਸੁਪਰੀਮ ਕੋਰਟ ਦੇ ਕਿਸੇ ਜੱਜ ਤੋਂ ਪੜਤਾਲ ਕਰਵਾਉ, ਪਰ ਸਰਕਾਰ ਵਲੋਂ ਨਿਰਪੱਖ ਜਾਂਚ ਪੜਤਾਲ ਤੋਂ ਭੱਜਣਾ, ਕੀ ਇਹ ਸਿੱਧ ਨਹੀਂ ਕਰਦਾ ਕਿ ਮੰਦਰਾਂ ਵਿਚ ਗਊਆਂ ਦੇ ਸਿਰ ਸੁਟਣ, ਗੁਰਧਾਮਾਂ ਵਿਚ ਸਿਗਰਟ ਸੁਟਣ, ਬੇਗੁਨਾਹਾਂ ਦੇ ਕਤਲਾਂ ਪਿਛੇ ਸਰਕਾਰ ਦਾ ਹੱਥ ਹੈ ਅਤੇ ਸਰਕਾਰ ਆਪਣੇ ਪਾਰਟੀ-ਹਿਤਾਂ ਲਈ ਹਿੰਦੂਆਂ ਤੇ ਸਿਖਾਂ ਵਿਚ ਫ਼ਸਾਦ ਕਰਵਾਉਣ ਲਈ ਇਹ ਸਾਰੀਆਂ ਅਣ-ਮਨੁਖੀ ਤੇ ਵਹਿਸ਼ੀ ਕਰਤੂਤਾਂ ਕਰਵਾ ਰਹੀ ਹੈ । ਕੀ ਇਹ ਸੰਵਿਧਾਨ ਦੀ



www.AKJ.org

ਮੂਲ ਭਾਵਨਾ, ਧਰਮ-ਨਿਰਪੱਖਤਾ ਅਤੇ ਲੋਕ-ਤੰਤਰ ਦਾ ਅਪਮਾਨ ਨਹੀਂ ?

* ਪਿਛਲੇ ਸਾਲ ਦਿੱਲੀ ਵਿਚ ਹੋਈਆਂ ਏਸ਼ੀਆਈ ਖੇਡਾਂ ਸਮੇਂ ਜਿਸ ਤਰ੍ਹਾਂ ਸਿਖਾਂ ਲਈ ਦੇਸ਼ ਦੀ ਰਾਜਧਾਨੀ ਦਿੱਲੀ ਦੇ ਬਾਰਡਰ ਸੀਲ ਕੀਤੇ ਗਏ, ਥਾਂ-ਪਰ-ਥਾਂ ਸਿਖਾਂ ਨਾਲ ਗੁਲਾਮਾਂ ਵਰਗਾ ਸਲੂਕ ਕੀਤਾ ਗਿਆ ਅਤੇ ਹੁਣ ਫਿਰ ਹਰਿਆਣੇ ਦੇ ਮੁਖ ਮੰਤਰੀ ਅਤੇ ਸਰਕਾਰ ਦੀ ਸ਼ਹਿ ਉਤੇ ਪੁਲੀਸ ਦੀ ਸਹਾਇਤਾ ਨਾਲ ਪਾਣੀਪਤ, ਕਰਨਾਲ, ਜੀਂਦ, ਕੈਂਥਲ ਵਿਖੇ ਜੋ ਵਹਿਸ਼ੀ ਫ਼ਿਰਕਾ-ਪ੍ਰਸਤੀ ਦਾ ਬੇਸ਼ਰੱਮੀ ਭਰਿਆ ਨਾਚ ਨਚਿਆਂ ਗਿਆ ਹੈ, ਜਿਸ ਤਰ੍ਹਾਂ ਸਰਬ-ਸਾਂਝੀਵਾਲਤਾ ਦੇ ਪ੍ਰਤੀਕ, ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਰੂਪਾਂ ਨੂੰ ਅਗਨ ਭੇਟ ਕੀਤਾ ਤੇ ਗੁਰਧਾਮਾਂ ਨੂੰ ਲੁਟਿਆ ਤੇ ਜਲਾਇਆ ਗਿਆ ਹੈ, ਜਿਸ ਤਰ੍ਹਾਂ ਬਿਦੋਸ਼ੇ ਤੇ ਮਾਸੂਮ ਸਿਖਾਂ ਨੂੰ ਹਰਿਆਣੇ ਦੇ ਗਲੀਆਂ ਬਜ਼ਾਰਾਂ ਵਿਚ ਕੋਹ ਕੋਹ ਕੇ ਮਾਰਿਆ ਗਿਆ ਹੈ ਅਤੇ ਉਨ੍ਹਾਂ ਦੀਆਂ ਦੁਕਾਨਾਂ ਦੀ ਖੁਲ੍ਹੀ ਲੁੱਟ ਹੋਈ ਹੈ, ਉਸ ਤੋਂ ਸਪਸ਼ਟ ਹੋ ਗਿਆ ਹੈ ਕਿ ਮੌਜੂਦਾ ਸੰਵਿਧਾਨ ਸਿਖਾਂ ਨੂੰ ਜਾਨ, ਮਾਲ ਅਤੇ ਧਰਮ ਦੀ ਸੁਰੱਖਿਆ ਦੇਣ ਵਿਚ ਬੁਰੀ ਤਰ੍ਹਾਂ ਅਸਫਲ ਰਿਹਾ ਹੈ ।

* ਪਿਛਲੇ ਦਿਨੀਂ ਨੈਸ਼ਨਲ ਹਾਈਵੇ ਅਤੇ ਦਿੱਲੀ ਅੰਮ੍ਰਿਤਸਰ ਰੇਲ ਮਾਰਗ ਉਤੇ ਜਿਸ ਤਰ੍ਹਾਂ ਸਿਖਾਂ ਨੂੰ ਬੱਸਾਂ, ਗੱਡੀਆਂ ਤੇ ਕਾਰਾਂ ਵਿਚੋਂ ਕੱਢ ਕੇ ਉਨ੍ਹਾਂ ਤੇ ਤਸ਼ੱਦਦ ਕੀਤਾ ਗਿਆ, ਕੇਸ ਅਤੇ ਦਾੜ੍ਹੀਆਂ ਜਬਰੀ ਕੱਟ ਕੇ ਉਨ੍ਹਾਂ ਦਾ ਅਪਮਾਨ ਕੀਤਾ ਗਿਆ, ਇਕ ਹਫਤਾ ਲਗਾਤਾਰ ਜੀ. ਟੀ. ਰੋਡ ਉਤੇ ਇਨ੍ਹਾਂ ਵਹਿਸ਼ੀ ਲੋਕਾਂ ਦਾ ਰਾਜ ਰਿਹਾ, ਪਰ ਹਰਿਆਣਾ ਪੁਲੀਸ ਤਮਾਸ਼ਾਈ ਬਣੀ ਦੇਖਦੀ ਰਹੀ ਅਤੇ ਦਿੱਲੀ ਬੈਠਾ ਭਾਰਤੀ ਸੰਵਿਧਾਨ ਇਹ ਸਭ ਵੇਖ ਕੇ ਵੀ ਬੇਬਸੀ ਦੇ ਅਥਰੂ ਵਗਾਉਂਦਾ ਰਿਹਾ । ਕੀ ਸਿਖਾਂ ਦੇ ਇਸ ਤਰ੍ਹਾਂ ਸਮੂਹਿਕ ਰੂਪ ਵਿਚ ਕੀਤੇ ਗਏ ਘੋਰ ਅਪਮਾਨ, ਉਨ੍ਹਾਂ ਦੇ ਮਹਾਨ ਪਵਿੱਤਰ ਇਸ਼ਟ ਦੀ ਖੁਲ੍ਹੀ ਬੇਅਦਬੀ, ਗੁਰਧਾਮਾਂ ਅਤੇ ਜਾਇਦਾਦਾਂ ਦੀ ਖੁਲ੍ਹੀ ਸਾੜ ਫੂਕ ਤੋਂ ਬਾਅਦ ਵੀ ਦਿੱਲੀ ਦੇ ਤਾਜਦਾਰਾਂ ਦਾ ਸਿਖਾਂ ਉਤੇ ਆਪਣੇ ਕਾਇਦੇ ਕਾਨੂੰਨ ਲਾਗੂ ਕਰਨ ਦਾ ਕੋਈ ਇਖ਼ਲਾਕੀ ਤੇ ਵਿਧਾਨਕ ਹੱਕ ਰਹਿ ਜਾਂਦਾ ਹੈ ?

* ਪੰਜਾਬ ਦੇ ਕਾਂਗਰਸੀਆਂ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਰੇਲਵੇ ਸਟੇਸ਼ਨ ਉਤੇ ਲਗੇ ਸ੍ਰੀ ਦਰਬਾਰ ਸਾਹਿਬ ਦੇ ਮਾਡਲ ਅਤੇ ਅੰਮ੍ਰਿਤਸਰ ਦੇ ਬਾਨੀ ਸ੍ਰੀ ਗੁਰੂ ਰਾਮਦਾਸ ਜੀ ਦੀ ਤਸਵੀਰ ਦਾ ਜਿਸ ਤਰ੍ਹਾਂ ਫਿਰਕੂ ਗੁੰਡਿਆਂ ਅਤੇ ਕਾਂਗਰਸੀ ਛੋਕਰਿਆਂ ਤੋਂ ਘੋਰ ਨਿਰਾਦਰ ਕਰਵਾਇਆ ਹੈ, ਕੀ ਉਹ ਇਸ ਨੀਚਤਾ ਭਰੀ, ਕਮੀਨੀ ਤੇ ਘ੍ਰਿਣਤ ਕਾਰਵਾਈ ਕਰਨ ਦੀ ਜ਼ੁੰਮੇਵਾਰੀ ਤੋਂ ਬੱਚ ਸਕਦੇ ਹਨ ?

* ਸਿੱਖਾਂ ਨੂੰ ਬਾਰ ਬਾਰ ਸੰਵਿਧਾਨ ਦੀ ਧਾਰਾ ੨੫ ਨਾ ਜਲਾਉਣ ਦੀਆਂ ਨਸੀਹਤਾਂ ਦੇਣ ਵਾਲੇ ਅਖੌਤੀ ਦੇਸ਼-ਭਗਤਾਂ ਤੇ ਸੰਵਿਧਾਨ ਦੇ ਵੱਡੇ ਠੇਕੇਦਾਰਾਂ ਨੂੰ ਮੈਂ ਪੁਛਦਾ ਹਾਂ ਕਿ ਜਿਹੜਾ ਸੰਵਿਧਾਨ ਸਿੱਖਾਂ ਦੇ ਇਸ਼ਟ ਅਤੇ ਉਨ੍ਹਾਂ ਦੇ ਧਾਰਮਿਕ ਚਿੰਨ੍ਹਾਂ ਦੀ ਰਾਖੀ ਕਰਨ ਤੋਂ ਅਸਮਰਥ ਹੈ, ਜਿਹੜਾ ਸੰਵਿਧਾਨ ਸਿੱਖਾਂ ਨੂੰ ਜਾਨ ਤੇ ਮਾਲ ਦੀ ਰਾਖੀ ਦੀ ਗਰੰਟੀ ਨਹੀਂ ਦੇ ਸਕਦਾ, ਜਿਹੜਾ ਸੰਵਿਧਾਨ ਸਿੱਖਾਂ ਨੂੰ ਇਕ ਵੱਖਰੇ ਧਰਮ ਦੇ ਤੌਰ ਤੇ ਮਾਨਤਾ ਨਹੀਂ ਦਿੰਦਾ, ਜਿਸ ਸੰਵਿਧਾਨ ਵਿਚ ਕਿਸੇ ਸਮੇਂ ਵੀ ਕੋਈ ਭਜਨ ਲਾਲ, ਸਿੱਖਾਂ ਲਈ ਦਿੱਲੀ ਤੇ ਦੇਸ਼ ਦੇ ਦੂਜੇ ਹਿਸਿਆਂ ਵਿਚ ਜਾਣ ਤੇ ਪਾਬੰਦੀ ਲਾ ਸਕਦਾ ਹੈ ਤਾਂ ਦਸੋ, ਸਿੱਖਾਂ ਕੋਲ ਸਿਵਾਏ ਇਸ ਦੇ ਹੋਰ ਕੀ ਚਾਰਾ ਰਹਿ ਜਾਂਦਾ ਹੈ ਕਿ ਉਹ ਆਪਣਾ ਰਾਹ ਦਿੱਲੀ ਵਲੋਂ ਹਮੇਸ਼ਾ ਲਈ ਬੰਦ ਹੋਇਆ ਸਮਝ ਕੇ ਕੋਈ ਹੋਰ ਰਾਹ ਲੱਭਣ ਬਾਰੇ ਸੋਚਣ ?

ਅੰਤ ਵਿਚ ਮੈਂ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਖਾਲਸਾ ਪੰਥ ਨੂੰ ਦਿੱਲੀ ਦੇ ਤਾਜਦਾਰਾਂ ਵਲੋਂ, ਭਜਨ ਲਾਲ ਰਾਹੀਂ ਦਿੱਤਾ ਗਿਆ ਚੈਲਿੰਜ ਪ੍ਰਵਾਨ ਹੈ ਅਤੇ ਖਾਲਸਾ, ਜੋ ਹਰ ਜਾਬਰ ਵਲੋਂ ਪਾਈ ਗਈ ਭਾਜੀ ਨੂੰ ਮੋੜਨ ਲਈ ਪ੍ਰਸਿਧ ਹੈ, ਛੇਤੀ ਹੀ ਇਸ ਦਾ ਤਸੱਲੀ-ਬਖਸ਼ ਜਵਾਬ ਦੇਵੇਗਾ ।

ਗੁਰੂ ਪੰਥ ਦਾ ਦਾਸ–ਹਰਚੰਦ ਸਿੰਘ (ਸੰਤ) ਲੌਂਗੋਵਾਲ, ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਤੇ ਡਿਕਟੇਟਰ ਧਰਮ ਯੁਧ ਮੋਰਚਾ

www.AKJ.org

# ਹਰਿਆਣੇ ਵਿਚ ਫ਼ਿਰਕੂ ਫ਼ਸਾਦ–ਸੰਖੇਪ ਵੇਰਵਾ

ਹਰਿਆਣੇ ਵਿਚ ਨਿਰਦੋਸ਼ ਸਿਖਾਂ ਉਤੇ ਕੀ ਬੀਤੀ ਹੈ, ਇਸ ਦੀ ਪੂਰੀ ਜਾਣਕਾਰੀ ਤੇ ਦਿਤੀ ਨਹੀਂ ਜਾ ਸਕਦੀ, ਕਿਉਂਕਿ ਪੰਜਾਬ ਦੇ ਕਿਸੇ ਅਕਾਲੀ ਲੀਡਰ ਨੂੰ ਹਰਿਆਣੇ ਵਿਚ ਜਾਣ ਨਹੀਂ ਦਿਤਾ ਜਾ ਰਿਹਾ। ਸ਼ਰੋਮਣੀ ਅਕਾਲੀ ਦਲ ਨੇ ਪੰਜ ਸੀਨੀਅਰ ਅਕਾਲੀ ਲੀਡਰਾਂ ਦੀ ਡਿਊਟੀ ਲਾਈ ਸੀ ਕਿ ਹਰਿਆਣੇ ਵਿਚ ਜਾ ਕੇ ਵੇਖਣ ਤੇ ਅੱਖੀਂ ਡਿਠੇ ਹਾਲਾਤ ਦੀ ਰਿਪੋਰਟ ਸ਼ਰੋਮਣੀ ਅਕਾਲੀ ਦਲ ਨੂੰ ਦੇਣ। ਪਰ ਉਨ੍ਹਾਂ ਲੀਡਰਾਂ ਨੂੰ ਅੰਬਾਲੇ ਤੋਂ ਅਗੇ ਨਹੀਂ ਜਾਣ ਦਿਤਾ ਗਿਆ। ਇਸ ਕਰਕੇ ਇਨ੍ਹਾਂ ਫ਼ਸਾਦਾਂ ਦੀ ਰਿਪੋਰਟ ਹਰਿਆਣੇ ਤੋਂ ਸ਼ਰੋਮਣੀ ਅਕਾਲੀ ਦਲ ਵਲ ਆਈਆਂ ਹੋਈਆਂ ਚਿਠੀਆਂ ਤੋਂ ਬਣਾਈ ਗਈ ਹੈ। ਇਹ ਚਿਠੀਆਂ ਹਰਿਆਣੇ ਦੇ ਸਰਕਰਦਾ ਅਕਾਲੀਆਂ ਵਲੋਂ ਲਿਖੀਆਂ ਗਈਆਂ ਹਨ, ਜਾਂ ਉਨ੍ਹਾਂ ਸਿੰਘਾਂ ਵਲੋਂ ਲਿਖੀਆਂ ਗਈਆਂ ਹਨ ਜੋ ਕਿ ਹਰਿਆਣੇ ਵਿਚੋਂ ਇਨ੍ਹਾਂ ਫ਼ਸਾਦਾਂ ਦੇ ਦੌਰਾਨ ਲੰਘ ਰਹੇ ਸਨ ਤੇ ਉਨ੍ਹਾਂ ਨੂੰ ਵੀ ਭੜਕੇ ਹੋਏ ਹਜੂਮ ਦੇ ਤਸ਼ੱਦਦ ਦਾ ਸ਼ਿਕਾਰ ਹੋਣਾ ਪਿਆ। ਚਾਰ ਸਿੰਘ ਕਰਨਾਲ ਤੋਂ ਪਾਣੀਪਤ ਦੇ ਹਾਲਾਤ ਵੇਖਣ ਗਏ ਸਨ। ਉਨ੍ਹਾਂ ਵਿਚ ਸਰਦਾਰ ਹਰਬੰਸ ਸਿੰਘ ਮੁਖੀ ਕਰਨਾਲ ਦੀ ਇਕ ਚਿਠੀ ਅਨੁਸਾਰ ਪਾਣੀਪਤ ਵਿਚ ੨੫ ਸਿੰਘ ਸ਼ਹੀਦ ਹੋਏ ਹਨ ਤੇ ਛੇ ਗੁਰਦਵਾਰੇ ਸਾੜ ਕੇ ਸੁਆਹ ਕਰ ਦਿਤੇ ਗਏ ਹਨ। ਅੱਠ ਸਿੰਘ ਅਜ਼ਾਦ ਨਗਰ ਕਾਲੋਨੀ ਵਿਚ ਸ਼ਹੀਦ ਹੋਏ ਹਨ। ਪੰਜ ਸਿੰਘ ਗੁਰਦਵਾਰਾ ਸਿੰਘ ਸਭਾ ਵਿਚ ਸ਼ਹੀਦ ਹੋਏ ਹਨ ਤੇ ਬਾਕੀ ਦੇ ਸਿੰਘ ਸੜਕ ਉਤੇ ਮਾਰੇ ਗਏ ਹਨ। ਪਾਣੀਪਤ ਜੀ, ਟੀ. ਰੋਡ ਉਤੇ ਤਿੰਨ-ਮੰਜ਼ਲਾ ਗੁਰਦੁਆਰਾ ਸਾੜ ਕੇ ਸੁਆਹ ਕਰ ਦਿਤਾ ਗਿਆ ਹੈ। ਮਾਡਲ ਟਾਊਨ ਗੁਰਦੁਆਰੇ ਵਿਚ, ਗੁਰੂ ਗ੍ਰੰਥ ਸਾਹਿਬ ਦੇ ਸਰੂਪ ਸਾੜੇ ਗਏ ਹਨ ਤੇ ਸੋਨੇ ਦਾ ਛੱਤਰ ਲੁਟੇਰੇ ਲਾਹ ਕੇ ਲੈ ਗਏ ਹਨ। ਮੁਖੀ ਸਾਹਿਬ ਤੋਂ ਬਿਨਾਂ ਵੀ ਜੋ ਸਿੰਘ ਉਸ ਦਿਨ ਪਾਣੀਪਤ ਤੋਂ ਬੱਸਾਂ ਵਿਚ ਲੰਘ ਰਹੇ ਸਨ, ਉਨ੍ਹਾਂ ਨੇ ਵੀ ਬੜੀਆਂ ਹਿਰਦੇ-ਵੇਧਕ ਘਟਨਾਵਾਂ ਬਿਆਨ ਕੀਤੀਆਂ ਹਨ। ਰੌਲਾ ਹੋਣ ਕਾਰਨ ਬੱਸ ਰੋਡਵੇਜ਼ ਦੀਆਂ ਬਸਾਂ, ਜੋ ਪਾਣੀਪਤ ਤੋਂ ਲੰਘਣੀਆਂ ਸਨ, ਉਨ੍ਹਾਂ ਨੇ ਥਾਣੇ ਜਾ ਕੇ ਖੜੀਆਂ ਕਰ ਦਿਤੀਆਂ। ਥਾਣੇ ਵਾਲਿਆਂ ਨੇ ਕਿਹਾ ਕਿ ਕੋਈ ਖ਼ਤਰਾ ਨਹੀਂ, ਤੁਸੀਂ ਜਾਓ। ਹਾਲੀਂ ਇਹ ਬਸਾਂ ਇਕ ਕਿਲੋਮੀਟਰ ਵੀ ਨਹੀਂ ਗਈਆਂ ਹੋਣੀਆਂ ਤਾਂ ਹਜੂਮ ਨੇ ਉਨ੍ਹਾਂ ਨੂੰ ਘੇਰ ਲਿਆ। ਸਿਖਾਂ ਨੂੰ ਉਨ੍ਹਾਂ ਬਸਾਂ ਵਿਚੋਂ ਧੂਹ ਲਿਆ ਗਿਆ। ਉਨ੍ਹਾਂ ਨੂੰ ਬੁਰੀ ਤਰ੍ਹਾਂ ਕੁਟਿਆ ਗਿਆ ਤੇ ਹਜੂਮ ਉਨ੍ਹਾਂ ਨੂੰ ਕੇਸਾਂ ਤੋਂ ਫੜ ਕੇ ਸੜਕਾਂ ਉਤੇ ਘਸੀਟਦਾ ਰਿਹਾ। ਕਈਆਂ ਦੇ ਕੇਸ ਕਤਲ ਕਰ ਦਿਤੇ। ਲੁਟਿਆ ਤੇ ਤਕਰੀਬਨ ਸਾਰਿਆਂ ਨੂੰ ਗਿਆ। ਇਨ੍ਹਾਂ ਮੁਸਾਫ਼ਰਾਂ ਵਿਚੋਂ ਦਸਿਆ ਜਾਂਦਾ ਹੈ ਕਿ ਦੋ ਸਿੰਘਾਂ ਕੋਲ ਗਾਤਰੇ ਵਾਲੀਆਂ ਕਿਰਪਾਨਾਂ ਸਨ, ਉਨ੍ਹਾਂ ਨੇ ਕਿਰਪਾਨਾਂ ਕਢ ਲਈਆਂ ਤੇ ਉਨ੍ਹਾਂ ਕੋਲ ਕਿਸੇ ਫ਼ਸਾਦੀ ਨੇ ਆਉਣ ਦੀ ਹਿੰਮਤ ਨਹੀਂ ਕੀਤੀ।

ਕਰਨਾਲ ਦੇ ਤਿੰਨ ਸਿੰਘ, ਜੋ ਪਾਣੀਪਤ ਵਲੋਂ ਆ ਰਹੇ ਸਨ, ਇਨ੍ਹਾਂ ਦੇ ਕੇਸ ਕਟੇ ਗਏ। ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ–(੧) ਸ: ਨਿਧਾਨ ਸਿੰਘ, ਪੰਜਾਬ ਐਂਡ ਸਿੰਧ ਬੈਂਕ ਕਰਨਾਲ। (੨) ਸ: ਪਾਲ ਸਿੰਘ ਡਾਇਮੰਡ ਆਈਸ ਕਰੀਮ ਫ਼ੈਕਟਰੀ ਕਰਨਾਲ।(੩) ਸ: ਬਲਵਿੰਦਰ ਸਿੰਘ, ਵੀਰਾਂ ਦੀ ਹੱਟੀ, ਕਰਨਾਲ।

ਸਿੱਖਾਂ ਦੀਆਂ ੧੫ ਦੁਕਾਨਾਂ ਲੁਟੀਆਂ ਤੇ ਸਾੜੀਆਂ ਗਈਆਂ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ– (੧) ਸ: ਅਮਰਜੀਤ ਸਿੰਘ ਟਾਇਰ ਡੀਲਰ ਦਾ ਟਾਇਰਾਂ ਦਾ ਗੁਦਾਮ, ਇਕ ਮੋਟਾਡੋਰ ਤੇ ਇਕ ਸਕੂਟਰ ਸਾੜਿਆ ਗਿਆ। (੨) ਡਾਇਮੰਡ ਸੋਡਾ ਫ਼ੈਕਟਰੀ ਤੇ ਡਰਾਈਕਲੀਨਰਸ ਲੁਟ ਕੇ ਸਾੜੀ ਗਈ। (੩) ਗੁਰੂ ਨਾਨਕ ਪੁਸਤਕ ਭੰਡਾਰ। (੪) ਹਰਬੰਸ ਸਿੰਘ ਜਸਵੰਤ ਸਿੰਘ ਕਰਿਆਨੇ ਦੀ ਦੁਕਾਨ। (੫) ਪਿਆਰਾ ਸਿੰਘ ਦਲੀਪ ਸਿੰਘ ਕਰਿਆਨੇ ਦੀ ਦੁਕਾਨ। (੬) ਜਗੀਰ ਸਿੰਘ ਜੁਗਿੰਦਰ ਸਿੰਘ ਦੁਕਾਨ ਪਾਪੜ ਵੜੀਆਂ। (੭) ਸ: ਪ੍ਰੀਤਮ ਸਿੰਘ ਐਂਡ ਸਨਜ਼ ਕਰਿਆਨਾ ਦੁਕਾਨ। (੮) ਸ: ਹਰਨਾਮ ਸਿੰਘ ਕਰਤਾਰ ਸਿੰਘ ਲਕੜੀ ਦਾ ਆਰਾ। (੯) ਸ: ਕਿਰਪਾਲ ਸਿੰਘ ਐਂਡ ਸਨਜ਼ ਕਿਰਪਾਨਾਂ ਤੇ ਵਾਜਿਆਂ ਦੀ ਦੁਕਾਨ। (੧੦) ਸ: ਉਜਲ



www.AKJ.Org

ਸਿੰਘ ਫਲ ਵਾਲੇ। (੧੧) ਯੂਰਿਸ ਸਟੂਡੀਓ। (੧੨) ਜਸਬੀਰ ਸਟੂਡੀਓ । (੧੩) ਪ੍ਰੇਮ ਸਵੀਟਸ। (੧੪) ਇੰਦਰ ਪੈਲਿਸ ਸਿਨਮਾ। (੧੫) ਜਸਵੰਤ ਸਿੰਘ ਕਿਰਪਾਲ ਸਿੰਘ ਪਟਰੋਲ ਪੰਪ।

ਉਪਰ ਦਿਤੇ ਨਾਵਾਂ ਵਾਲੀਆਂ ਦੁਕਾਨਾਂ ਸਾੜੀਆਂ ਗਈਆਂ ਹਨ, ਤੇ ੧੬-੧੭ ਦੁਕਾਨਾਂ ਤਾਲੇ ਤੋੜ ਕੇ ਲੁੱਟ ਲਈਆਂ ਗਈਆਂ ਹਨ। ੪੦-੫੦ ਸਿੰਘਾਂ ਦੀਆਂ ਪਗੜੀਆਂ ਲਾਹ ਕੇ ਸਾੜ ਦਿਤੀਆਂ ਗਈਆਂ।

ਦੋ ਟਰੱਕ ਸਾੜੇ ਗਏ ਜੋ ਵੇਰਵਾ ਇਸ ਪ੍ਰਕਾਰ ਹੈ—(੧) ਟਰੱਕ ਨੰਬਰ PBP 8973, ਮਾਲਕ ਸ: ਹਰਦਿਆਲ ਸਿੰਘ ਸਪੁਤਰ ਪ੍ਰੇਮ ਸਿੰਘ ਪਿੰਡ ਨਰੈਣ ਗੜ੍ਹ ਜ਼ਿਲਾ ਪਟਿਆਲਾ। (੨) ਟਰੱਕ ਨੰਬਰ PUV-37:7, ਮਾਲਕ ਸ: ਸ਼ੇਰ ਸਿੰਘ ਅਮਰਜੀਤ ਸਿੰਘ ਸਪੁਤਰ ਸ: ਸਾਧੂ ਸਿੰਘ ਪਿੰਡ ਜੈਪੁਰ ਦੁਰਗਾ, ਤਸੀਲ ਪਾਇਲ ਜ਼ਿਲਾ ਲੁਧਿਆਣਾ। ਸੈਂਕੜੇ ਸਿੰਘਾਂ ਦਾ ਮਾਲ ਲੁਟਿਆ ਗਿਆ।

ਕੈਂਥਲ ਦੇ ਗੁਰਦੁਆਰੇ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ ਦੀ ਲੋਕਲ ਕਮੇਟੀ ਦੇ ਪ੍ਰਧਾਨ ਸ: ਦੇਸਾ ਸਿੰਘ ਜੀ ਅਨੁਸਾਰ ਕੈਂਥਲ ਰਿਆਸਤ ਦੇ ਸਰਦਾਰ ਭਾਈ ਉਦੇ ਸਿੰਘ ਜੀ ਦੀ ਸਮਾਧ ਨਿਹੰਗ ਛਾਉਣੀ ਉਤੇ ਹਮਲਾ ਕਰ ਦਿਤਾ ਗਿਆ। ਨਿਹੰਗ ਸਿੰਘ ਬਹਾਦਰੀ ਨਾਲ ਲੜੇ। ਇਕ ਸਿੰਘ ਸ਼ਹੀਦ ਹੋ ਗਿਆ ਤੇ ਬਾਕੀ ਦੇ ਤਿੰਨ ਸਿੰਘ ਬੁਰੀ ਤਰ੍ਹਾਂ ਜ਼ਖਮੀ ਹੋਏ। ਇਕ ਹੋਰ ਖ਼ਬਰ ਅਨੁਸਾਰ ਕੈਂਥਲ ਵਿਚ ਸ਼ਰਾਰਤ ਦੀ ਜੜ੍ਹ ਇਹ ਲੋਕ ਹਨ— ੧. ਲਾਲਾ ਗਿਆਨ ਚੰਦ ਸ਼ੋਰੀਆ, ੨. ਅਮਰ ਸਿੰਘ ਛੋਰੇਵਾਲਾ, ੩. ਚਰਨ ਦਾਸ ਛੋਰੇਵਾਲਾ, ੪. ਅਮਰ ਨਾਥ ਆੜ੍ਹਤੀ, ੫. ਰਘੁਨਾਥ Ex. M.L.A. ੬. ਕੁੰਦਨ ਪਹਿਲਵਾਨ।

ਜੀਂਦ ਦੇ ਗੁਰਦਵਾਰੇ ਉਤੇ ਵੀ ਹਮਲਾ ਕੀਤਾ ਗਿਆ। ਅੰਦਰ ਹਾਜ਼ਰ ਗੁਰਦੁਆਰਾ-ਮੁਲਾਜ਼ਮਾਂ ਨੇ ਹਵਾ ਵਿਚ ਗੋਲੀ ਚਲਾਈ। ਪੁਲਿਸ ਨੇ ਵੀ ਇਥੇ ਗੋਲੀ ਚਲਾਈ, ਜਿਸ ਨਾਲ ਇਕ ਹਿੰਦੂ ਮਾਰਿਆ ਗਿਆ।

ਪਾਣੀਪਤ ਤੋਂ ਅਗਲੇ ਸਟੇਸ਼ਨ ਘਨੌਰ ਉਤੇ ਬੰਬਈ ਤੋਂ ਆ ਰਹੀ ਪੰਜਾਬ ਮੇਲ ਨੂੰ ਰੋਕ ਲਿਆ ਗਿਆ। ਸਿਖਾਂ ਨੂੰ ਚੁਣ ਚੁਣ ਕੇ ਕੁਟਿਆ ਗਿਆ ਤੇ ਕਈਆਂ ਦੇ ਕੇਸ ਕਤਲ ਕੀਤੇ ਗਏ। ਸਾਰਿਆਂ ਨੂੰ ਲੁਟਿਆ ਗਿਆ। ਇਹ ਹਜੂਮ ਕੋਈ ਦੋ ਕੁ ਹਜ਼ਾਰ ਆਦਮੀਆਂ ਦਾ ਸੀ। ਸਟੇਸ਼ਨ ਉਤੇ ਪੁਲਸ ਮੌਜੂਦ ਸੀ, ਪਰ ਉਨ੍ਹਾਂ ਨੇ ਇਨ੍ਹਾਂ ਸ਼ਰਾਰਤੀਆਂ ਨੂੰ ਰੋਕਣ ਲਈ ਕੁਝ ਨਹੀਂ ਕੀਤਾ। ਇਸ ਥਾਂ ਉਤੇ ਜਿਨ੍ਹਾਂ ਸਿੰਘਾਂ ਦੇ ਕੇਸ ਕਤਲ ਗਏ, ਉਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ—(੧) ਸ: ਬਖਸ਼ੀਸ਼ ਸਿੰਘ, ਤਰਨ ਤਾਰਨ। (੨) ਸ: ਜਰਨੈਲ ਸਿੰਘ ਪਿੰਡ ਜੰਡਿਆਲ ਸੰਗਰੂਰ। (੩) ਸ: ਬਲਜਿੰਦਰ ਸਿੰਘ ਪਿੰਡ ਰਾਜਗੜ੍ਹ ਜ਼ਿਲਾ ਲੁਧਿਆਣਾ (੪) ਸ: ਮਲਕੀਤ ਸਿੰਘ ਪਿੰਡ ਬੱਗੇ ਜ਼ਿਲਾ ਜਲੰਧਰ। (੫) ਸ: ਪਵਿਤਰਜੀਤ ਸਿੰਘ ਦੋਰਾਹਾ ਮੰਡੀ ਜ਼ਿਲਾ ਲੁਧਿਆਣਾ।

ਇਹ ਘਟਨਾ ੨੦-੨-੮੪ ਨੂੰ ਹੋਈ ਤੇ ਇਸ ਗੱਡੀ ਦੇ ਡਰਾਈਵਰ ਦੇ ਕਥਨ ਅਨੁਸਾਰ ਗੱਡੀ ਦਾ ਸਿਗਨਲ ਲਾਲ ਸੀ ਤੇ ਉਸ ਨੇ ਗੱਡੀ ਰੋਕ ਲਈ। ਇਥੇ ਇਹ ਸਿਗਨਲ ੨੦ ਮਿੰਟ ਤਕ ਲਾਲ ਹੀ ਰਿਹਾ। ਫ਼ਿਰ ਪੀਲਾ ਹੋਇਆ ਤਾਂ ਗੱਡੀ ਚਲਾਈ। ਗੱਡੀ ਸਟੇਸ਼ਨ ਉਤੇ ਪੁਜਦਿਆਂ ਹੀ ਉਸ ਨੂੰ ਪੱਥਰ ਮਾਰੇ ਗਏ। ਸਿਖਾਂ ਨੂੰ ਲੱਭ ਲੱਭ ਕੇ ਕੁਟਿਆ ਗਿਆ। ਪੁਲਿਸ ਉਥੇ ਮੌਜੂਦ ਸੀ, ਪਰ ਉਨ੍ਹਾਂ ਨੇ ਸਿਖਾਂ ਨੂੰ ਬਚਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਡਰਾਈਵਰ ਨੇ ਆਪ ਵੀ ਆਪਣੀ ਜਾਨ ਇੰਜਣ ਵਿਚ ਛਿਪ ਕੇ ਬਚਾਈ। ਡਰਾਈਵਰ ਦੇ ਕਥਨ ਅਨੁਸਾਰ ਇਹ ਸਾਰਾ ਕੁਝ ਇੰਜ ਭਾਸਦਾ ਹੈ ਕਿ ਇਕ ਸਕੀਮ ਅਨੁਸਾਰ ਪੁਲਿਸ ਤੇ ਸਰਕਾਰੀ ਕਰਮਚਾਰੀਆਂ ਦੀ ਮਿਲੀ-ਭੁਗਤ ਨਾਲ ਸਭ ਹੋਇਆ ਹੈ। ਇਥੇ ਇਹ ਵਰਨਣ ਯੋਗ ਹੈ ਕਿ ਪਾਣੀਪਤ ਦੇ ਫ਼ਸਾਦ ਤੋਂ ਪਹਿਲਾਂ ੧੪-੨-੮੪ ਨੂੰ ਮੈਨੂੰ ਪਾਣੀਪਤ ਤੋਂ ਫ਼ੋਨ ਆਇਆ ਸੀ ਕਿ ਸਾਡੀ ਜਾਨ ਖ਼ਤਰੇ ਵਿਚ ਹੈ। ਮੈਂ ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਾਹਿਬ ਨਾਲ ਇਸ ਬਾਰੇ ਗੱਲ ਵੀ ਕੀਤੀ ਸੀ। ਭਾਵ ਕਿ ਪੁਲਿਸ ਨੂੰ ਵੀ ਇਸ ਖ਼ਤਰੇ ਦੀ ਖ਼ਬਰ ਜ਼ਰੂਰ ਹੋਣੀ ਹੈ। ਇਹ ਦਸ ਹਜ਼ਾਰ ਲੋਕਾਂ ਦਾ ਜਲੂਸ ਸਿਖਾਂ ਦੀਆਂ ਦੁਕਾਨਾਂ ਲੁਟਦਾ ਰਿਹਾ ਤੇ ਉਨ੍ਹਾਂ ਨੂੰ ਕੁਟਦਾ ਰਿਹਾ, ਪਰ ਪੁਲਿਸ ਨੇ ਕੁਝ ਨਹੀਂ ਕੀਤਾ। ਇਸ ਤੋਂ ਇਹ ਭਾਵ ਲਿਆ ਜਾ ਸਕਦਾ ਹੈ ਕਿ ਇਹ ਸਭ ਕੁਝ ਪੁਲਿਸ ਦੀ ਮਰਜ਼ੀ ਤੇ ਸਰਕਾਰ ਦੀ ਸ਼ਹਿ ਉਤੇ ਹੋਇਆ ਹੈ।

—ਐਡੀਟਰ, ਸੰਤ ਸਿਪਾਹੀ ਦੇ ਧੰਨਵਾਦ ਸਹਿਤ
'ਸੂਰਾ' ਅੰਮ੍ਰਿਤਸਰ, ਅਪ੍ਰੈਲ ੧੯੮੪



www.AKJ.Org

# ਚੌਃ ਭਜਨ ਲਾਲ ਦੀ ਫ਼ਿਰਕੂ ਜ਼ਹਿਨੀਅਤ

ਜਦ ਵੀ ਕਦੇ ਚੌਧਰੀ ਭਜਨ ਲਾਲ ਪੰਜਾਬ ਦੇ ਮਸਲੇ ਬਾਰੇ ਕੋਈ ਬਿਆਨ ਦੇਂਦੇ ਹਨ ਤਾਂ ਸਾਡੇ ਸਾਹਮਣੇ ਉਸ ਆਦਮੀ ਦੀ ਤਸਵੀਰ ਘੁੰਮ ਜਾਇਆ ਕਰਦੀ ਹੈ ਜਿਸ ਨੂੰ ਕਿਸੇ ਨੇ ਪੁਛਿਆ ਸੀ 'ਤੂੰ ਕੌਣ ਹੈਂ ?' ਤਾਂ ਉਸ ਉਤਰ ਦਿਤਾ ਸੀ 'ਮੈਂ ਖ਼ਾਮਖ਼ਾਹ' ਹਾਂ। ਆਏ ਦਿਨ ਚੋਧਰੀ ਭਜਨ ਲਾਲ ਖ਼ਾਮਖ਼ਾਹ ਹੀ ਬਿਆਨਬਾਜ਼ੀ ਕਰ ਰਹੇ ਹਨ। ਕਦੇ ਉਹ ਅਕਾਲੀਆਂ ਨੂੰ ਸਲਾਹ ਮਸ਼ਵਰੇ ਦੇਂਦੇ ਹਨ, ਕਦੇ ਉਹ ਅਕਾਲੀ ਦਲ ਨੂੰ ਵਖਵਾਦੀ ਤੇ ਅਤਿਵਾਦੀ ਕਹਿੰਦੇ ਹਨ, ਕਦੇ ਕੁਝ ਤੇ ਕਦੇ ਕੁਝ। ਸੁਤੇ ਪਏ ਬੜਾਉਂਦੇ ਹੋਏ ਵੀ ਅਕਾਲੀਆਂ ਨੂੰ ਹੀ ਕੋਸਦੇ ਹਨ। ਹਾਲਾਂਕਿ ਚੋਧਰੀ ਭਜਨ ਲਾਲ ਦਾ ਪੰਜਾਬ ਦੀ ਸਮੱਸਿਆ ਨਾਲ ਦੂਰ ਦਾ ਵੀ ਵਾਸਤਾ ਨਹੀਂ। ਉਨ੍ਹਾਂ ਵਲੋਂ ਜੋ ਬਿਆਨਬਾਜ਼ੀ ਕੀਤੀ ਜਾ ਰਹੀ ਹੈ ਤੇ ਪੰਜਾਬ ਦੇ ਮਸਲੇ ਵਿਚ ਜਿਹੜੀ ਟੰਗ ਅੜਾਈ ਗਈ ਹੈ ਉਹ ਕੇਂਦਰੀ ਸਰਕਾਰ ਦੀ ਗਲਤ ਨੀਤੀ ਦੇ ਕਾਰਨ ਹੀ ਅਜਿਹਾ ਕੁਝ ਕਰ ਰਹੇ ਹਨ, ਜਿਸ ਨੇ ਹਰਿਆਣੇ ਨੂੰ ਪੰਜਾਬ ਦੀ ਸਮੱਸਿਆ ਵਿਚ ਇਕ 'ਧਿਰ' ਵਜੋਂ ਉਭਾਰਿਆ ਹੈ। ਅਸੂਲੀ ਤੌਰ ਤੇ ਇਹ ਪ੍ਰਵਾਨ ਕੀਤਾ ਜਾ ਚੁਕਾ ਹੈ ਕਿ ਚੰਡੀਗੜ੍ਹ, ਅਬੋਹਰ ਤੇ ਫਾਜ਼ਿਲਕਾ ਪੰਜਾਬ ਦੇ ਖੇਤਰ ਹਨ। ਪਰ ਕੇਂਦਰੀ ਸਰਕਾਰ ਦੇ ਗ਼ਲਤ ਵਤੀਰੇ ਕਾਰਨ ਹਰਿਆਣੇ ਨੂੰ ਉਭਰਨ ਦਾ ਮੌਕਾ ਮਿਲਿਆ ਤੇ ਕੇਂਦਰ ਦੀ ਪੱਖਪਾਤ ਵਾਲੀ ਨੀਤੀ ਦੀ ਆੜ ਹੇਠ ਚੋਧਰੀ ਭਜਨ ਲਾਲ ਆਏ ਦਿਨ ਅਕਾਲੀਆਂ ਦੇ ਵਿਰੁਧ ਬੋਲਦੇ ਰਹਿੰਦੇ ਹਨ, ਜਦੋਂ ਕਿ ਅਕਾਲੀ ਦਲ ਚੋਧਰੀ ਸਾਹਿਬ ਦੀ ਇਸ ਬਿਆਨਬਾਜ਼ੀ ਦੀ ਕੋਈ ਕੀਮਤ ਨਹੀਂ ਸਮਝਦਾ ਤੇ ਨਾ ਹੀ ਉਨ੍ਹਾਂ ਦੀ ਕੋਈ ਇਸ ਮਾਮਲੇ ਵਿਚ ਔਕਾਤ ਹੀ ਸਮਝਦਾ ਹੈ। ਅਸੀਂ ਸ਼ੁਰੂ ਤੋਂ ਹੀ ਕੇਂਦਰੀ ਸਰਕਾਰ ਨੂੰ ਇਹ ਸੁਝਾਓ ਦੇਂਦੇ ਰਹੇ ਹਾਂ ਕਿ ਉਹ ਖ਼ਾਹਮਖ਼ਾਹ ਹਰਿਆਣੇ ਨੂੰ ਧਿਰ ਬਣਾ ਕੇ ਨਾ ਉਭਾਰੇ, ਕਿਉਂਕਿ ਅਕਾਲੀ ਦਲ ਦੀਆਂ ਮੰਗਾਂ ਦਾ ਸਿਧਾ ਸਬੰਧ ਕੇਂਦਰੀ ਸਰਕਾਰ ਨਾਲ ਹੈ।

ਮੌਜੂਦਾ ਪੰਜਾਬ ਨਾਲੋਂ ਕਟ ਕੇ ਹੀ ਹਰਿਆਣਾ ਤੇ ਹਿਮਾਚਲ ਹੋਂਦ ਵਿਚ ਲਿਆਂਦੇ ਗਏ ਸਨ, ਪੰਜਾਬ ਤਾਂ ਇਹ ਕਲੇਮ ਕਰ ਸਕਦਾ ਹੈ ਕਿ ਦੂਜੇ ਰਾਜ ਬਨਾਉਣ ਸਮੇਂ ਉਸ ਨਾਲ ਬੇਇਨਸਾਫ਼ੀ ਹੋਈ ਹੈ, ਪਰ ਹਰਿਆਣਾ ਤੇ ਹਿਮਾਚਲ ਕਿਸ ਮੂੰਹ ਨਾਲ ਕਹਿ ਸਕਦੇ ਹਨ ਕਿ ਉਨ੍ਹਾਂ ਨਾਲ ਧੱਕਾ ਹੋਇਆ ਹੈ। ਪੰਜਾਬ ਵਿਚੋਂ ਹਰਿਆਣਾ ਤੇ ਹਿਮਾਚਲ ਨਿਕਲੇ ਹਨ, ਨਾ ਕਿ ਹਰਿਆਣਾ ਤੇ ਹਿਮਾਚਲ ਵਿਚੋਂ ਪੰਜਾਬ ਨਿਕਲਿਆ ਹੈ। ਪੰਜਾਬੀ ਸੂਬਾ ਕਾਇਮ ਕਰਦੇ ਸਮੇਂ ਜੋ ਵਿਤਕਰੇ ਪੰਜਾਬ ਨਾਲ ਕੀਤੇ ਗਏ, ਉਨ੍ਹਾਂ ਨੂੰ ਹੀ ਦੂਰ ਕਰਵਾਉਣ ਲਈ ਅਕਾਲੀ ਦਲ ਨੂੰ ਅੰਦੋਲਨ ਕਰਨਾ ਪਿਆ। ਫਿਰ ਸੁਝਾਉ ਉਸ ਵਿਅਕਤੀ ਦਾ ਪ੍ਰਵਾਨ ਕੀਤਾ ਜਾਂਦਾ ਹੈ ਜਿਸਦੀ ਨੀਤੀ ਪੱਖਪਾਤ ਵਾਲੀ ਨਾ ਹੋਵੇ, ਚੌਧਰੀ ਭਜਨ ਲਾਲ ਤਾਂ ਹਰ ਵੇਲੇ ਸਿਖਾਂ ਨੂੰ ਅਤਿਵਾਦੀ ਤੇ ਵਖਵਾਦੀ ਦਸ ਕੇ ਬਦਨਾਮ ਕਰਦੇ ਰਹਿੰਦੇ ਹਨ। ਭਾਰਤ ਭਰ ਵਿਚ ਸਿਖਾਂ ਦਾ ਜੇ ਸਭ ਤੋਂ ਵਧ ਕੋਈ ਕ਼ੱਟੜ ਵਿਰੋਧੀ ਹੈ ਤਾਂ ਉਹ ਚੌਧਰੀ ਭਜਨ ਲਾਲ ਹੀ ਹਨ। ਦੇਸ਼ ਵਿਚੋਂ ਸਿਖਾਂ ਦੀ ਹੋਂਦ ਤਕ ਨੂੰ ਖ਼ਤਮ ਕਰਨ ਦਾ ਸੁਪਨਾ ਲੈਣ ਵਾਲਿਆਂ ਦੀ ਕਤਾਰ ਵਿਚ ਸਭ ਤੋਂ ਅਗੇ ਇਹ ਚੌਧਰੀ ਸਾਹਿਬ ਹੀ ਹਨ।

ਸਮੇਂ ਸਮੇਂ ਉਨ੍ਹਾਂ ਨੇ ਸਿਖਾਂ ਉਪਰ ਜੋ ਜ਼ੁਲਮ ਢਾਹੇ, ਅਜੇਹੇ ਜ਼ੁਲਮ ਤਾਂ ਮੁਗਲਾਂ ਨੇ ਵੀ ਨਹੀਂ ਸਨ ਢਾਹੇ। ਏਸੀਆਡ ਸਮੇਂ ਤੇ ਫਿਰ ੧੪ ਫਰਵਰੀ ਤੋਂ ਪਹਿਲਾਂ ਤੇ ਪਿਛੋਂ ਜੋ ਕੁਝ ਸਿਖਾਂ ਨਾਲ ਹਰਿਆਣੇ ਵਿਚ ਹੋਇਆ, ਸਿਖਾਂ ਨਾਲ ਹੋਏ ਜ਼ੁਲਮਾਂ ਦੇ ਇਤਿਹਾਸ ਵਿਚ ਇਹ ਇਕ ਵਖਰਾ ਕਾਂਡ ਹੋਵੇਗਾ, ਜਿਸ ਅਗੇ ਮੁਗਲਈ ਜ਼ੁਲਮਾਂ ਦੇ ਕਾਂਡ ਵੀ ਮਾਤ ਪੈ ਗਏ ਹਨ। ਸਿੱਖਾਂ ਦੀਆਂ ਆਉਣ ਵਾਲੀਆਂ ਨਸਲਾਂ ਸਿੱਖ ਇਤਿਹਾਸ ਵਿਚ ਇਹ ਪੜ੍ਹਨਗੀਆਂ ਕਿ ਚੌਧਰੀ ਭਜਨ ਲਾਲ ਨੇ ਸਿੱਖਾਂ ਉਪਰ ਜ਼ੁਲਮ ਕਰਦੇ ਸਮੇਂ ਮੰਨੂ ਨੂੰ ਵੀ ਮਾਤ ਪਾ ਦਿੱਤਾ। ਤਰ੍ਹਾਂ ਤਰ੍ਹਾਂ ਦੇ ਤਸੀਹੇ ਦੇ ਕੇ ਸਿੱਖਾਂ ਨੂੰ ਸ਼ਹੀਦ ਕਰਨ ਵਾਲਾ ਮੰਨੂ ਨੰਬਰ ਦੋ ਉਪਰ ਆ ਗਿਆ


www.AKJ.Org

ਹੈ, ਜਦੋਂ ਕਿ ਉਸ ਦਾ ਸਥਾਨ ਚੌਧਰੀ ਭਜਨ ਲਾਲ ਨੇ ਪ੍ਰਾਪਤ ਕਰ ਲਿਆ ਹੈ। ਏਸ਼ੀਆਡ ਸਮੇਂ ਹਰ ਸਿਖ ਦੀ ਬੇਪੱਤੀ ਕੀਤੀ ਗਈ, ਭਾਵੇਂ ਉਸ ਦਾ ਸਬੰਧ ਕਿਸੇ ਵੀ ਪਾਰਟੀ ਨਾਲ ਸੀ, ਇਹ ਬਿਲਕੁਲ ਨਹੀਂ ਵੇਖਿਆ ਗਿਆ। ਸਿਰਫ਼ ਸਿਖ ਸਰੂਪ ਵੇਖ ਕੇ ਹੀ ਹਰਿਆਣੇ ਦੀ ਚੌਧਰੀ ਭਜਨ ਲਾਲ ਦੀ ਪੁਲਸ ਨੇ ਉਹ ਜ਼ੁਲਮ ਢਾਹੇ, ਜਿਸ ਨੇ ਮੁਗਲਈ ਦੌਰ ਦੀ ਯਾਦ ਤਾਜ਼ਾ ਕਰ ਦਿਤੀ ਸੀ, ਪਰ ਫਰਵਰੀ ਦੇ ਮਹੀਨੇ ਚੌਧਰੀ ਭਜਨ ਲਾਲ ਦੇ ਇਸ਼ਾਰੇ ਉਪਰ ਉਸ ਦੀ ਪੁਲਸ ਨੇ ਗੁੰਡਿਆਂ ਤੇ ਬਦਮਾਸ਼ਾਂ ਪਾਸੋਂ ਤੇ ਫਿਰ ਖ਼ੁਦ ਆਪ ਉਹ ਹਾਲ ਕਰਵਾਇਆ ਤੇ ਕੀਤਾ, ਜਿਸ ਨੇ ਮੁਗਲਈ ਦੌਰ ਨੂੰ ਵੀ ਮਾਤ ਪਾ ਦਿਤਾ। ਗੁਰਸਿਖਾਂ ਦੀਆਂ ਦਾੜ੍ਹੀਆਂ ਨੂੰ ਲਾਂਬੂ ਲਗਾ ਕੇ ਬੁਰੀ ਤਰ੍ਹਾਂ ਸਾੜਿਆ ਗਿਆ। ਕੇਸਾਂ ਤੇ ਦਾੜ੍ਹੀਆਂ ਤੋਂ ਫੜ ਕੇ ਘੜੀਸਿਆ ਗਿਆ। ਉਹਨਾਂ ਦੇ ਮੂੰਹ ਵਿਚ ਸਿਗਰਟਾਂ ਪਾਈਆਂ ਗਈਆਂ, ਔਰਤਾਂ ਦੀ ਬੇਪਤੀ ਕੀਤੀ ਗਈ, ਜਿਹੜਾ ਵੀ ਸਿਖ ਕਿਧਰੇ ਨਜ਼ਰ ਆਇਆ, ਉਸ ਨੂੰ ਪਲ ਛਿਨ ਵਿਚ ਪੁਲਸ ਦੀ ਹਾਜ਼ਰੀ ਵਿਚ ਲਹੂ ਲੁਹਾਨ ਕਰ ਦਿਤਾ ਜਾਂਦਾ ਰਿਹਾ। ਜੇ ਕੋਈ ਸਿਖ ਵਿਰੋਧ ਕਰਦਾ ਤਾਂ ਪੁਲਸ ਦੀ ਲਾਠੀ ਉਸ ਦਾ ਸਿਰ ਫੋੜ ਦੇਂਦੀ। ਅਜਿਹਾ ਜ਼ੁਲਮਈ ਕਾਰਾ ਕਰਨ ਵਾਲੇ ਚੌਧਰੀ ਭਜਨ ਲਾਲ ਨੂੰ ਕੀ ਹੱਕ ਹੈ ਕਿ ਉਹ ਸਿਖਾਂ ਨੂੰ ਕੋਈ ਮਸ਼ਵਰਾ ਦੇਵੇ। ਕਦੇ ਉਹ ਕਹਿ ਰਹੇ ਹਨ ਕਿ ਸਿਖ ਸੰਵਿਧਾਨ ਦੀ ਬੇਅਦਬੀ ਨਾ ਕਰਨ, ਕਦੇ ਉਹ ਇਹ ਕਹਿ ਰਹੇ ਹਨ ਕਿ ਸਿਖ ਮੰਗਾਂ ਉਪਰ ਸਥਿਰ ਰਹਿਣ। ਕਦੇ ਕੁਝ ਤੇ ਕਦੇ ਕੁਝ। ਹੁਣ ਉਹ ਕਹਿ ਰਹੇ ਹਨ ਕਿ ਸਿਖਾਂ ਦੇ ਇਰਾਦੇ 'ਕੁਝ ਹੋਰ' ਹਨ। 'ਕੁਝ ਹੋਰ' ਕਹਿਣ ਦਾ ਭਾਵ ਸਪੱਸ਼ਟ ਹੈ, ਉਹ ਸਿਖਾਂ ਨੂੰ ਦੇਸ਼ ਦੇ ਗੱਦਾਰ ਤੇ ਅਤਿਵਾਦੀ ਤੇ ਵਖਵਾਦੀ ਸਮਝਦੇ ਹਨ। ਇਕੋ ਸਮੇਂ ਉਹ ਦੋ ਬੋਲੀਆਂ ਬੋਲ ਰਹੇ ਹਨ। ਇਕ ਪਾਸੇ ਇਹ ਕਹਿ ਰਹੇ ਹਨ ਕਿ ਸਿਖ ਦੇਸ਼ ਹਿਤਾਂ ਦੇ ਵਿਰੋਧੀ ਹਨ, ਭਾਵ ਉਨ੍ਹਾਂ ਦਾ ਭਾਰਤ ਦੇ ਕਿਸੇ ਹੋਰ ਫ਼ਿਰਕੇ ਨਾਲ ਕੋਈ ਲਗਾਓ ਨਹੀਂ, ਜਦੋਂ ਕਿ ਦੂਜੇ ਪਾਸੇ ਉਹ ਕਹਿ ਰਹੇ ਹਨ ਕਿ ਹਿੰਦੂ ਤੇ ਸਿਖਾਂ ਨੂੰ ਭਰਾਵਾਂ ਦੀ ਨਿਆਈਂ ਰਹਿਣਾ ਚਾਹੀਦਾ ਹੈ।

ਕੌਣ ਕਹਿੰਦਾ ਹੈ ਕਿ ਹਿੰਦੂ ਤੇ ਸਿਖ ਭਰਾਵਾਂ ਦੀ ਨਿਆਈਂ ਨਹੀਂ ਰਹਿ ਰਹੇ। ਹਿੰਦੂ ਤੇ ਸਿਖ ਪਹਿਲਾਂ ਵਾਂਗ ਹੀ ਬਰਾਬਰ ਸਾਂਝ ਨਾਲ ਰਹਿ ਰਹੇ ਹਨ। ਸਿਰਫ਼ ਕੁਝ ਸ਼ਰਾਰਤੀ ਅਨਸਰ ਹੈ ਜੋ ਇਨ੍ਹਾਂ ਵਿਚ ਪਾੜਾ ਪਾਉਣ ਦਾ ਕੋਝਾ ਤੇ ਸ਼ਰਮਨਾਕ ਯਤਨ ਕਰ ਰਿਹਾ ਹੈ। ਇਸ ਵਿਚ ਉਹ ਹਿੰਦੂ ਫ਼ਿਰਕੂ ਜਥੇਬੰਦੀਆਂ ਭਾਈਵਾਲ ਹਨ, ਜਿਨ੍ਹਾਂ ਦੀ ਨੀਤੀ ਉਹੋ ਹੀ ਹੈ ਜੋ ਚੌਧਰੀ ਭਜਨ ਲਾਲ ਦੀ ਹੈ। ਪੰਜਾਬ ਦੇ ਪਿੰਡਾਂ ਵਿਚ ਸਿਖਾਂ ਦੀ ਬਹੁ-ਗਿਣਤੀ ਹੈ, ਜਿਥੇ ਘੱਟ-ਗਿਣਤੀ ਦਾ ਹਿੰਦੂ ਤਬਕਾ ਪੂਰੀ ਤਰ੍ਹਾਂ ਸੁਰੱਖਿਅਤ ਹੈ। ਪਿੰਡ ਵਿਚ ਹਿੰਦੂ ਤੇ ਸਿਖ ਪੁਰਅਮਨ ਢੰਗ ਨਾਲ ਰਹਿ ਰਹੇ ਹਨ। ਜਦੋਂ ਸ਼ਹਿਰਾਂ ਵਿਚ ਜਿਥੇ ਬਹੁਸੰਮਤੀ ਹਿੰਦੂਆਂ ਦੀ ਹੈ, ਉਥੇ ਕੁਝ ਸ਼ਰਾਰਤੀ ਜਥੇਬੰਦੀ ਇਕ ਫ਼ਿਰਕੇ ਦੇ ਜਜ਼ਬਾਤਾਂ ਨੂੰ ਗਲਤ ਤੌਰ ਕੇ ਭੜਕਾ ਕੇ ਖਿਚਾਅ ਪੈਦਾ ਕਰ ਰਹੇ ਹਨ। ਹਾਲ ਹੀ ਵਿਚ ਪਿੰਡਾਂ ਵਿਚ ਜੋ ਹਿੰਸਕ ਘਟਨਾਵਾਂ ਹੋਈਆਂ, ਉਸਦੀ ਜ਼ੁਮੇਵਾਰੀ ਸਾਮਰਾਜ ਵਿਰੋਧੀ ਤੱਤਾਂ ਉਪਰ ਹੀ ਆਇਦ ਹੋਵੇਗੀ। ਜੇ ਸਰਕਾਰ ਈਮਾਨਦਾਰੀ ਨਾਲ ਪਿੰਡਾਂ ਵਿਚ ਵਾਪਰੀਆਂ ਹਿੰਸਕ ਘਟਨਾਵਾਂ ਦੀ ਪੜਤਾਲ ਕਰਵਾਏ ਤਾਂ ਇਹ ਗੱਲ ਸਾਹਮਣੇ ਆ ਜਾਏਗੀ। ਪਰ ਹਰਿਆਣੇ ਵਿਚ ਚੌਧਰੀ ਭਜਨ ਲਾਲ ਦੀ ਸਰਕਾਰ ਸਿਖਾਂ ਵਿਰੁਧ ਖੁਲ੍ਹ ਖੇਡ ਰਹੀ ਹੈ, ਤਾਂ ਕਿਉਂ? ਦੰਗੇ ਫਸਾਦਾਂ ਵਿਚ ਮਾਰੇ ਜਾਣ ਵਾਲੇ ਜਾਂ ਜ਼ਖਮੀ ਹੋਣ ਵਾਲੇ ਤੇ ਮਾਲੀ ਨੁਕਸਾਨ ਉਠਾਉਣ ਵਾਲਿਆਂ ਨੂੰ ਜੋ ਸਹਾਇਤਾ ਦਿਤੀ ਜਾ ਰਹੀ ਹੈ, ਉਸ ਵਿਚ ਪਖਪਾਤ ਵਰਤਿਆ ਜਾ ਰਿਹਾ ਹੈ ਤਾਂ ਕਿਉਂ? ਇਕ ਫ਼ਿਰਕੇ ਦੇ ਤਾਂ ਮਾਮੂਲੀ ਜ਼ਖਮੀ ਨੂੰ ਸਹਾਇਤਾ ਦਿਤੀ ਗਈ ਹੈ, ਜਦੋਂ ਕਿ ਦੂਜੇ ਫ਼ਿਰਕੇ ਦੇ ਸਖ਼ਤ ਘਾਇਲ ਨੂੰ ਵੀ ਅੱਖੋਂ ਪਰੋਖੇ ਕੀਤਾ ਗਿਆ ਹੈ। ਕੀ ਚੌਧਰੀ ਭਜਨ ਲਾਲ ਦੀ ਇਹ ਨੰਗੀ ਚਿਟੀ ਫ਼ਿਰਕਾਪ੍ਰਸਤੀ ਨਹੀਂ? ਸਿਰਫ਼ ਇਥੇ ਹੀ ਬਸ ਨਹੀਂ, ਹਰਿਆਣੇ ਵਿਚ ਸਿਖਾਂ ਉਪਰ ਜੋ ਅਸਹਿ ਤੇ ਅਕਹਿ ਜ਼ੁਲਮ ਢਾਹੇ ਗਏ, ਕੀ ਬਤੌਰ ਮੁਖ ਮੰਤਰੀ ਚੌਧਰੀ ਭਜਨ ਲਾਲ ਦਾ ਇਹ ਫ਼ਰਜ਼ ਨਹੀਂ ਸੀ ਬਣਦਾ ਕਿ ਉਹ ਉਨ੍ਹਾਂ ਸਿਖਾਂ ਦੀ ਦਿਲਜੋਈ ਕਰਨ ਲਈ ਜਾਂਦੇ? ਪਰ ਨਹੀਂ, ਚੌਧਰੀ ਭਜਨ ਲਾਲ ਨੇ



www.AKJ.Org

# ਪੰਥਕ ਖ਼ਬਰਾਂ–ਅਖ਼ਬਾਰਾਂ ਦੀ ਜ਼ਬਾਨੀ

## ਲੌਂਗੋਵਾਲ ਵਿਰੁੱਧ ਬਗ਼ਾਵਤ ਦਾ ਕੇਸ–

ਅੰਮ੍ਰਿਤਸਰ, ੨੦ ਮਾਰਚ–(ਯੂ. ਐਨ. ਆਈ.) ਪੁਲਸ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਵਿਰੁਧ ਬਗਾਵਤ ਦਾ ਕੇਸ ਦਰਜ ਕੀਤਾ ਹੈ। ਇਹ ਕੇਸ ਕਲ੍ਹ ਦਰਜ ਕੀਤਾ ਗਿਆ, ਜਿਸ ਅਨੁਸਾਰ ਸੰਤਾਂ ਤੇ ਦੋਸ਼ ਹੈ ਕਿ ਉਨ੍ਹਾਂ ਬੀਤੇ ਸਾਲ ਨਵੰਬਰ ਵਿਚ ਦਿਲੀ ਵਿਖੇ ਹੋਈ ਰਾਸ਼ਟਰ ਮੰਡਲ ਦੇਸ਼ਾਂ ਦੀ ਚੋਟੀ ਮੀਟਿੰਗ ਸਮੇਂ ਆਏ ਲੀਡਰਾਂ ਨੂੰ ਖੁਲ੍ਹਾ ਪੱਤਰ ਲਿਖਿਆ ਸੀ। ਆਪਣੇ ਪੱਤਰ ਵਿਚ, ਜੋ ਇਕ ਕਿਤਾਬਚੇ ਦੇ ਰੂਪ ਵਿਚ ਛਪਿਆ, ਸੰਤ ਜੀ ਨੇ ਰਾਸ਼ਟਰ ਮੰਡਲ ਦੇਸ਼ਾਂ ਦੀਆਂ ਸਰਕਾਰਾਂ ਦੇ ਮੁਖੀਆਂ ਨੂੰ ਅਪੀਲ ਕੀਤੀ ਸੀ ਕਿ ਉਹ ਸਿੱਖਾਂ ਨੂੰ ਬਚਾਉਣ ਲਈ ਆਪਣਾ ਅਸਰ ਰਸੂਖ ਵਰਤਣ। ਪੀ. ਟੀ. ਆਈ. ਅਨੁਸਾਰ ਇਹ ਕੇਸ ਸਿਟੀ ਕੋਤਵਾਲੀ ਵਿਚ ਧਾਰਾ ੧੨੪-ਏ ਅਧੀਨ ਦਰਜ ਕੀਤਾ ਗਿਆ। ਸੰਤ ਲੌਂਗੋਵਾਲ ੧੯ ਮਹੀਨੇ ਤੋਂ ਚਲ ਰਹੇ ਧਰਮ ਯੁਧ ਮੋਰਚੇ ਦੇ ਡਿਕਟੇਟਰ ਹਨ। ਉਨ੍ਹਾਂ ਵਲੋਂ ਇਹ ਮੋਰਚਾ ਬੜੀ ਸਫਲਤਾ ਨਾਲ ਸ਼ਾਂਤੀ ਪੂਰਵਕ ਚਲਾਇਆ ਜਾ ਰਿਹਾ ਹੈ। ੧੪ ਅਗਸਤ ੧੯੮੨ ਨੂੰ ਮੋਰਚਾ ਸ਼ੁਰੂ ਹੋਣ ਪਿਛੋਂ ਸੰਤ ਲੌਂਗੋਵਾਲ ਵਿਰੁਧ ਇਹ ਪਹਿਲਾ ਕੇਸ ਹੈ। ਸੰਤ ਜੀ ਨੇ ਬੀਤੇ ਸਾਲ ੨੩ ਨਵੰਬਰ ਨੂੰ ਰਾਸ਼ਟਰ ਮੰਡਲ ਦੇ ਮੁਖੀਆਂ ਦੀ ਕਾਨਫਰੰਸ ਸਮੇਂ ਡੈਲੀਗੇਟਾਂ ਨੂੰ ਸ਼ਿਕਾਇਤ ਕੀਤੀ ਸੀ ਕਿ ਸਿੱਖਾਂ ਉਤੇ ਜ਼ੁਲਮ ਕੀਤਾ ਜਾ ਰਿਹਾ ਹੈ। ਉਨ੍ਹਾਂ ਪੱਤਰ ਵਿਚ ਲਿਖਿਆ ਸੀ ਕਿ ਵਿਸ਼ਵ ਦੇ ਸਭ ਤੋਂ ਵਡੇ ਲੋਕ-ਰਾਜ ਵਿਚ ਸਿੱਖਾਂ ਨੂੰ ਸਭ ਤੋਂ ਮੁਢਲਾ ਮਨੁਖੀ ਅਧਿਕਾਰ, ਭਾਵ 'ਆਪਣੇ ਜੀਵਨ ਹਕ' ਵੀ ਹਾਸਲ ਨਹੀਂ। ਅਜਿਹੇ ਦੇਸ਼, ਜਿਸ ਵਿਚ ਜਬਰ ਅਤੇ ਬਦਲਾ-ਲਊ ਕਾਰਵਾਈਆਂ ਮਧਕਾਲੀਨ ਯੁਗ ਦੀ ਯਾਦ ਦਿਵਾਉਂਦੀਆਂ ਹਨ, ਵਿਚ ਰਾਸ਼ਟਰ ਮੰਡਲ ਦੇਸ਼ਾਂ ਦੀ ਕਾਨਫਰੰਸ ਕਰਨਾ ਉਨ੍ਹਾਂ ਕਦਰਾਂ ਕੀਮਤਾਂ ਦਾ ਮਜ਼ਾਕ ਉਡਾਉਣ ਦੇ ਤੁਲ ਹੈ, ਜਿਨ੍ਹਾਂ ਦਾ ਉਹ (ਰਾਸ਼ਟਰ ਮੰਡਲ ਦੇਸ਼) ਦਮ ਭਰਦੇ ਹਨ।

ਅਜੀਤ, ੨੧-੩-੮੪

## ਦਲ ਵਲੋਂ 'ਆਜ਼ਾਦ ਪੰਥ ਹਫ਼ਤਾ' ਮਨਾਉਣ ਦਾ ਐਲਾਨ–

ਅੰਮ੍ਰਿਤਸਰ, ੧੫ ਮਾਰਚ–(ਪੀ ਟੀ.ਆਈ., ਯੂ.ਐਨ.ਆਈ. ਹਿ.ਸ.) ਅਕਾਲੀ ਦਲ ਨੇ ਰਾਜ ਸਭਾ ਦੀਆਂ ਦੋ ਸਾਲਾਂ ਚੋਣਾਂ ਦਾ ਬਾਈਕਾਟ ਕਰਨ ਦਾ ਐਲਾਨ ਕੀਤਾ ਹੈ। ਇਹ ਐਲਾਨ ਅੱਜ ਇਥੇ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਇਕ ਪ੍ਰੈਸ ਕਾਨਫਰੰਸ ਵਿਚ ਕੀਤਾ। ਉਹਨਾਂ ਦਸਿਆ ਕਿ ਇਹ ਬਾਈਕਾਟ ਪੰਜਾਬ ਵਿਚ ਅਤੇ ਹੋਰ ਥਾਵਾਂ ਤੇ ਸਿਖਾਂ ਨਾਲ ਵਿਤਕਰੇ ਭਰੇ ਸਲੂਕ ਵਿਰੁਧ ਰੋਸ ਪ੍ਰਗਟ ਕਰਨ ਲਈ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਹੁਣ ਚੋਣ ਵਿਚ ਹਿਸਾ ਲੈਣ ਦਾ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ, ਸਗੋਂ ਹੁਣ ਤਾਂ ਸਿਖਾਂ ਦੀ ਸਨਮਾਨ ਜਨਕ ਹੋਂਦ ਕਾਇਮ ਰਖਣ ਦਾ ਪ੍ਰਸ਼ਨ ਹੈ।

---

ਸ਼ਰਮਨਾਕ ਪੱਖਪਾਤ ਵਰਤ ਕੇ ਸਿਖਾਂ ਪ੍ਰਤੀ ਆਪਣੀ ਨਫ਼ਰਤ ਦਾ ਪ੍ਰਗਟਾਵਾ ਕਰਵਾਂਦਿਆਂ ਕੋਈ ਸ਼ਰਮ ਤਕ ਪ੍ਰਤੀਤ ਨਹੀਂ ਕੀਤੀ। ਅਸੀਂ ਚੋਧਰੀ ਭਜਨ ਲਾਲ ਨੂੰ ਇਸ ਨਾਜ਼ਕ ਘੜੀ ਇਹੋ ਹੀ ਬੇਨਤੀ ਕਰਾਂਗੇ ਕਿ ਉਹ ਪੰਜਾਬ ਦੇ ਹਾਲਾਤ ਉਪਰ ਰਹਿਮ ਕਰਨ ਤੇ ਆਪਣੀ ਜ਼ਬਾਨ ਬੰਦ ਰਖਣ, ਕਿਉਂਕਿ ਉਨ੍ਹਾਂ ਦੀ ਜ਼ਬਾਨ ਜਦ ਵੀ ਖੁਲ੍ਹੇਗੀ ਤਾਂ ਉਸ ਵਿਚੋਂ ਫ਼ਿਰਕਾਪ੍ਰਸਤੀ ਦੀ ਸੜਹਾਨ ਹੀ ਆਵੇਗੀ। ਇਸ ਲਈ ਉਹ ਆਪਣੀ ਜ਼ਬਾਨ ਬੰਦ ਰਖਣ। ਕੇਂਦਰ ਨੂੰ ਵੀ ਅਸੀਂ ਕਹਾਂਗੇ ਕਿ ਉਹ ਚੋਧਰੀ ਭਜਨ ਲਾਲ ਨੂੰ ਇਹ ਖੁਲ੍ਹ ਬਿਲਕੁਲ ਨਾ ਦੇਵੇ ਕਿ ਉਹ ਸਿਖਾਂ ਦੇ ਵਿਰੁਧ ਬਿਆਨਬਾਜ਼ੀ ਕਰ ਕੇ ਹਾਲਾਤ ਨੂੰ ਹੋਰ ਵਿਗਾੜਨ ਦਾ ਕਾਰਨ ਬਣਨ।

–ਅਕਾਲੀ ਪਤ੍ਰਕਾ', ੧੧-੩-੮੪      –ਰਤਨੇਸ਼ ਸਿੰਘ ਸੋਢੀ


www.AKJ.Org

ਉਹਨਾਂ ਨੇ ਆਪਣੇ ਐਲਾਨ ਵਿਚ ਕਿਹਾ ਕਿ ਅਕਾਲੀ ਦਲ ੨ ਅਪਰੈਲ ਤੋਂ ੭ ਅਪਰੈਲ ਤਕ 'ਅਜ਼ਾਦ ਪੰਥ ਹਫਤਾ' ਮਨਾਏਗਾ ਅਤੇ ਇਸੇ ਦੌਰਾਨ ਅਕਾਲੀ ਦਲ ਵਲੋਂ ਆਪਣੇ ਅੰਦੋਲਨ ਨੂੰ ਤੇਜ਼ ਕਰ ਦਿਤਾ ਜਾਏਗਾ। ਉਹਨਾਂ ਕਿਹਾ ਕਿ ਸਭ ਜ਼ਿਲਾ ਹੈਡਕੁਆਟਰਾਂ ਤੇ ਸੰਵਿਧਾਨ ਦੀ ਧਾਰਾ ੨੫ ਦਾ ਸਾੜਿਆ ਜਾਣਾ ਜਾਰੀ ਰਹੇਗਾ, ਤਾਂ ਜੁ ਸਿਖਾਂ ਨੂੰ ਆਜ਼ਾਦ ਹਸਤੀ ਦੀ ਗਰੰਟੀ ਮਿਲ ਸਕੇ। ਸੰਤ ਲੌਂਗੋਵਾਲ ਨੇ ਕਿਹਾ ਕਿ 'ਆਜ਼ਾਦ ਪੰਥ ਹਫਤਾ' ਮਨਾਉਣ ਦੇ ਦੌਰਾਨ ਪੰਜਾਬ ਭਰ ਵਿਚ ਗ੍ਰਿਫਤਾਰੀਆਂ ਦੇ ਕੇ ਜੇਲ੍ਹਾਂ ਨੂੰ ਭਰ ਦਿਤਾ ਜਾਏਗਾ। ਉਹਨਾਂ ਨੇ ਕਿਹਾ ਕਿ ਭਾਰਤ ਵਿਚ ਵਰਤਮਾਨ ਸਮੇਂ ਵਿਚ ਲੋਕਤੰਤਰ ਅਤੇ ਧਰਮ-ਨਿਰਪਖਤਾ ਨਾਂ ਦੀ ਕੋਈ ਚੀਜ਼ ਨਹੀਂ ਹੈ ਅਤੇ ਭਾਰਤ ਦਾ ਸੰਵਿਧਾਨ ਕੇਵਲ ਸਤਾਧਾਰੀ ਪਾਰਟੀ ਅਤੇ ਇਕ ਪਰਵਾਰ ਦੇ ਹੱਥ ਦਾ ਖਿਡੌਣਾ ਬਣ ਕੇ ਰਹਿ ਗਿਆ ਹੈ।......ਸੰਤ ਲੌਂਗੋਵਾਲ ਨੇ ਸਪਸ਼ਟ ਕੀਤਾ ਕਿ ਅਕਾਲੀ ਦਲ ਦਾ ਭਾਰਤੀ ਸੰਵਿਧਾਨ ਪ੍ਰਤੀ ਨਿਰਾਦਰ ਪ੍ਰਗਟ ਕਰਨ ਦਾ ਕੋਈ ਇਰਾਦਾ ਨਹੀਂ ਅਤੇ ਨਾ ਹੀ ਉਹ ਵਖਰੀ ਖ਼ੁਦ-ਮੁਖ਼ਤਿਆਰ ਸਟੇਟ ਚਾਹੁੰਦਾ ਹੈ। ਉਹਨਾਂ ਕਿਹਾ ਕਿ ਅਕਾਲੀ ਮੋਰਚਾ ਉਨਾ ਚਿਰ ਜਾਰੀ ਰਹੇਗਾ ਜਿਤਨਾ ਚਿਰ ਜਾਰੀ ਕਿ ਸਰਕਾਰ ਅਨੰਦਪੁਰ ਸਾਹਿਬ ਦਾ ਮਤਾ ਪ੍ਰਵਾਨ ਨਹੀਂ ਕਰ ਲੈਂਦੀ। —ਅਜੀਤ, ੧੯-੩-੮੪

**ਬੱਬਰ ਖਾਲਸਾ ਵਲੋਂ ੫ ਲੁਟੇਰੇ ਗ੍ਰਿਫਤਾਰ,ਸੰਗਲਾਂ ਨਾਲ ਬੰਨ੍ਹਿਆ ਤੇ ਮੂੰਹ ਕਾਲਾ ਕਰਕੇ ਘੁਮਾਇਆ**

ਅੰਮ੍ਰਿਤਸਰ, ੨੦ ਮਾਰਚ—(ਪੀ.ਟੀ.ਆਈ., ਯੂ.ਐਨ.ਆਈ.) ਸਿਖ ਜਥੇਬੰਦੀ ਬੱਬਰ ਖਾਲਸਾ ਨੇ ਅੱਜ ਕਿਹਾ ਕਿ ਉਹ ੫ ਵਿਅਕਤੀ ਫੜ ਲਏ ਗਏ ਹਨ ਜਿਨ੍ਹਾਂ ਨੇ ਕਲ ਰਾਤ ਚੌਕ ਪਰਾਗਦਾਸ ਏਰੀਏ ਵਿਚ ਇਕ ਪੰਸਾਰੀ ਦੀ ਦੁਕਾਨ ਤੋਂ ਬੰਦੂਕ ਦੀ ਨੋਕ ਤੇ ੧੨ ਸੌ ਰੁਪਏ ਲੁਟੇ ਸਨ। ਖਬਰਾਂ ਅਨੁਸਾਰ ਬਬਰ ਖਾਲਸਾ ਦੇ ਆਦਮੀਆਂ ਨੇ ਫੜੇ ਗਏ ਇਹਨਾਂ ਪੰਜਾਂ ਵਿਅਕਤੀਆਂ ਨੂੰ ਸੰਗਲਾਂ ਨਾਲ ਬੰਨ੍ਹਿਆ ਤੇ ਚੰਗੀ ਤਰ੍ਹਾਂ ਸੋਧਿਆ। ਬੱਬਰ ਖਾਲਸਾ ਨੇ ਇਨ੍ਹਾਂ ਦੋਸ਼ੀਆਂ ਪਾਸੋਂ ਲੁਟੇ ਗਏ ੧੨ ਸੌ ਰੁਪਏ ਪ੍ਰਾਪਤ ਕਰਕੇ ਸਬੰਧਤ ਪੰਸਾਰੀ ਨੂੰ ਮੋੜ ਦਿਤੇ। ਬਬਰ ਖਾਲਸਾ ਦੇ ਬੰਦਿਆਂ ਨੇ ਦੋਸ਼ੀਆਂ ਦਾ ਮੂੰਹ ਕਾਲਾ ਕੀਤਾ ਅਤੇ ਉਨ੍ਹਾਂ ਨੂੰ ਦਰਬਾਰ ਸਾਹਿਬ ਕੰਪਲੈਕਸ ਵਿਚ ੨ ਘੰਟੇ ਤਕ ਘੁਮਾਇਆ ਗਿਆ। ਉਨ੍ਹਾਂ ਦੇ ਗਲਾਂ ਵਿਚ ਲਿਖ ਕੇ ਕਾਗਜ਼ ਲਟਕਾਏ ਹੋਏ ਸਨ ਜਿਨ੍ਹਾਂ ਤੇ ਉਨ੍ਹਾਂ ਦਾ 'ਅਪਰਾਧ' ਦਰਜ ਸੀ। ਉਹ ਕੰਪਲੈਕਸ ਵਿਚੋਂ ਫੜ ਗਏ।...... —ਅਜੀਤ, ੨੧.੩.੮੪

**ਹੁਣ ਫ਼ੈਸਲੇ ਦੀ ਘੜੀ ਆ ਪੁਜੀ—ਸੰਤ ਲੌਂਗੋਂਵਾਲ—ਕੀ ਸੱਚ ਬੋਲਣਾ ਬਗ਼ਾਵਤ ਹੈ ?**
**ਇੰਦਰਾ ਤੇ ਹੁਕਮਰਾਨ ਦਸਣ ਕਿ ਉਨ੍ਹਾਂ ਨੇ ਸਿਖਾਂ ਨੂੰ ਨਾਲ ਰਖਣਾ ਹੈ ਜਾਂ ਨਹੀਂ ?**

ਅੰਮ੍ਰਿਤਸਰ, ੨੩ ਮਾਰਚ—ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਧਰਮ ਯੁੱਧ ਮੋਰਚੇ ਸਬੰਧੀ ਸਰਕਾਰ ਨੇ ਜੋ ਰਵਈਆ ਅਪਣਾ ਰਖਿਆ ਹੈ, ਉਸ ਨੂੰ ਦੇਖਦੇ ਹੋਏ ਕਿਹਾ ਜਾ ਸਕਦਾ ਹੈ ਕਿ ਹੁਣ ਫੈਸਲੇ ਦੀ ਘੜੀ ਨੇੜੇ ਆ ਪੁਜੀ ਹੈ। ਸਮੂਹ ਪੰਜਾਬੀ ਆਪਣੇ ਦਿਲ ਵਿਚ ਬਦਲੇ ਦੀ ਭਾਵਨਾ ਨਾ ਰਖਦੇ ਹੋਏ ਆਪਣੀਆਂ ਹੱਕੀ ਮੰਗਾਂ ਲਈ ਹੋ ਰਹੇ ਸੰਘਰਸ਼ ਨੂੰ ਹੋਰ ਤੇਜ਼ ਕਰਨ।

ਸੰਤ ਜੀ ਨੇ ਇਕ ਲਿਖਤੀ ਬਿਆਨ ਵਿਚ ਕਿਹਾ ਕਿ ਜੇ ਉਨ੍ਹਾਂ ਵਿਰੁਧ ਇਸ ਲਈ ਬਗ਼ਾਵਤ ਦਾ ਮੁਕੱਦਮਾ ਦਰਜ ਕੀਤਾ ਗਿਆ ਹੈ ਕਿ ਉਹ ਦੁਨੀਆ ਨੂੰ ਸੱਚ ਦਸ ਰਹੇ ਹਨ ਤਾਂ ਉਹ ਇਹ ਹੀ ਸ਼ਬਦ ਦੁਹਰਾ ਕੇ 'ਬਾਗੀ' ਹੋਣ ਦਾ ਐਲਾਨ ਕਰਦੇ ਹਨ।

**ਸਿਖਾਂ ਨਾਲ ਬੇਇਨਸਾਫ਼ੀ**—ਸੰਤ ਜੀ ਨੇ ਦੋਸ਼ ਲਾਇਆ ਕਿ ਭਾਰਤ ਸਰਕਾਰ ਤਾਕਤ ਦੇ ਜ਼ੋਰ ਨਾਲ ਸਿਖਾਂ ਨੂੰ ਦਬਾ ਕੇ ਰਖਣਾ ਤੇ ਉਹਨਾਂ ਨੂੰ ਇਨਸਾਫ਼ ਤੋਂ ਵਾਂਝਿਆਂ ਰਖਣਾ ਚਾਹੁੰਦੀ ਹੈ। ਅਸੀਂ ਇਨਸਾਫ਼ ਮੰਗਦੇ ਹਾਂ, ਪਰ ਪ੍ਰਧਾਨ ਮੰਤਰੀ ਸਾਡੇ ਤੋਂ ਇਨਸਾਫ਼ ਦੀ ਕੀਮਤ ਮੰਗ ਰਹੇ ਹਨ ਅਤੇ ਕਹਿ ਰਹੇ ਹਨ ਕਿ ਚੰਡੀਗੜ੍ਹ ਪੰਜਾਬ ਦਾ ਹੈ, ਪਰ ਦਸੋ ਹਰਿਆਣੇ ਨੂੰ ਇਸ ਦੇ ਬਦਲੇ ਕੀ ਦਿਓਗੇ ?

**ਲੜਾਈ ਧਰਮ ਯੁਧ**—ਸਾਡੀ ਲੜਾਈ ਕਿਉਂਕਿ ਇਨਸਾਫ਼ ਅਤੇ ਸੰਵਿਧਾਨ ਤੇ ਅਧਾਰਿਤ ਹੈ, ਇਸ ਲਈ



www.AKJ.Org

ਇਹ ਸਾਡੇ ਲਈ 'ਧਰਮ ਯੁਧ' ਹੈ। ਉਹਨਾਂ ਨੇ ਸਪਸ਼ਟ ਕੀਤਾ ਕਿ ਦਰਿਆਵਾਂ ਦੇ ਪਾਣੀ ਤੇ ਉਹਨਾਂ ਲੋਕਾਂ ਦਾ ਹੱਕ ਹੁੰਦਾ ਹੈ ਜੋ ਦਰਿਆਵਾਂ ਦੇ ਹੜ੍ਹਾਂ ਦੀ ਮਾਰ ਖਾਂਦੇ ਹਨ। ਇਸ ਲਈ ਕੇਂਦਰ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਦਰਿਆਵਾਂ ਉਤੇ ਕੇਵਲ ਪੰਜਾਬੀਆਂ ਦਾ ਹੱਕ ਹੈ। ਸੰਤ ਜੀ ਨੇ ਕਿਹਾ ਕਿ ਪੰਜਾਬ ਨੂੰ ਹਨੇਰਾ ਕਰਕੇ ਦੂਜਿਆਂ ਦੇ ਘਰਾਂ ਵਿਚ ਦੀਵਾਲੀ ਨਹੀਂ ਬਲਣ ਦਿਤੀ ਜਾਏਗੀ। ਜੇ ਨਰਬਦਾ ਤੇ ਗੰਗਾ ਦੇ ਪਾਣੀ ਤੇ ਰਾਜ-ਸਥਾਨ ਦਾ ਹੱਕ ਨਹੀਂ ਤਾਂ ਰਾਵੀ-ਬਿਆਸ ਦੇ ਪਾਣੀ ਤੇ ਕਿਵੇਂ ?

**ਸਿੱਖਾਂ ਵਿਰੁਧ ਪਰਚਾਰ**–ਸੰਤ ਜੀ ਨੇ ਦੋਸ਼ ਲਾਇਆ ਕਿ ਕੇਂਦਰ ਅਤੇ ਰਾਜਾਂ ਦੇ ਸਰਕਾਰੀ ਪ੍ਰਚਾਰ-ਸਾਧਨਾਂ ਰਾਹੀਂ ਸਿੱਖਾਂ ਨੂੰ ਬਦਨਾਮ ਕਰਕੇ ਉਨ੍ਹਾਂ ਪ੍ਰਤੀ ਨਫਰਤ ਫੈਲਾਈ ਜਾ ਰਹੀ ਹੈ। ਹਰਿਆਣੇ ਵਿਚ ਜੋ ਕੁਝ ਹੋਇਆ ਹੈ, ਉਸ ਤੋਂ ਸਪਸ਼ਟ ਹੈ ਕਿ ਸਰਕਾਰ ਦੀਆਂ ਨਜ਼ਰਾਂ ਵਿਚ ਅਜੇ ਵੀ ਸਿਖ ਜਰਾਇਮ-ਪੇਸ਼ਾ ਹੀ ਹਨ। ਸੰਤ ਜੀ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਸ੍ਰੀ ਦਰਬਾਰ ਸਾਹਿਬ ਦਾ ਪਾਣੀ ਤੇ ਬਿਜਲੀ ਬੰਦ ਕਰਨ ਦੇ ਮਨਸੂਬੇ ਘੜ ਰਹੀ ਹੈ। ਤੇ ਸਿੱਖ ਵਿਰੁਧ ਫੈਲਾਈ ਜਾ ਰਹੀ ਨਫਰਤ ਦੀ ਲਹਿਰ ਇਕ ਤਰ੍ਹਾਂ ਨਾਲ ਸਿੱਖਾਂ ਨੂੰ ਚੈਲੰਜ ਹੈ।

**ਚੁਪ ਕਿਉਂ ?**–ਸੰਤ ਜੀ ਨੇ ਕਿਹਾ ਕਿ ਸਾਡੀ ਮਰਜ਼ੀ ਬਿਨਾਂ ਸੰਵਿਧਾਨ ਵਿਚ ਰਖੀ ਗਈ ਇਸ ਲਾਈਨ ਸਾੜਨ ਨਾਲ ਤਾਂ ਦੇਸ਼ ਵਿਚ 'ਹੱਲਾ' ਮਚਾਇਆ ਜਾ ਰਿਹਾ ਹੈ, ਪਰ ਹਰਿਆਣਾ ਚਿ ਧਾਰਮਕ ਅਸਥਾਨਾਂ ਚਿ ਤੇਲ ਪਾ ਕੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਜਲਾਏ ਜਾਣ ਉਤੇ ਇਹ ਧਰਮ-ਨਿਰਪਖਤਾ ਦੇ ਠੇਕੇਦਾਰ ਚੁਪ ਕਿਉਂ ? ਉਦੋਂ ਸੰਵਿਧਾਨ ਦੇ ਰਾਖੇ ਰਾਸ਼ਟਰਪਤੀ ਕਿਉਂ ਨਹੀਂ ਬੋਲੇ ? ਸੰਤ ਜੀ ਨੇ ਕਿਹਾ ਕਿ ਹਰਿਆਣੇ ਭਰ ਵਿਚ ਧਾਰਮਕ ਅਸਥਾਨਾਂ ਦੀ ਬੇਹੁਰਮਤੀ ਕੀਤੀ ਗਈ। ਜੀ. ਟੀ. ਰੋਡ ਤੇ ਸ਼ਰਆਮ ਸਿੱਖ ਫ਼ਿਰਕੇ ਦੇ ਕੇਸਾਂ ਦੀ ਬੇਅਦਬੀ ਅਤੇ ਬੱਚੀਆਂ ਦਾ ਅਪਮਾਨ ਕੀਤਾ ਗਿਆ। ਇਸ ਵਿਰੁਧ ਕਿਉਂ ਕਿਸੇ ਨੇ ਹੁਣ ਤਕ ਇਕ ਲਫਜ਼ ਤਕ ਨਹੀਂ ਕਿਹਾ?

**ਹਾਕਮ ਹੀ ਫ਼ੈਸਲਾ ਕਰਨ**–ਸੰਤ ਜੀ ਨੇ ਕਿਹਾ ਕਿ ਮੈਂ ਸਪਸ਼ਟ ਕਹਿਣਾ ਚਾਹੁੰਦਾ ਹਾਂ ਕਿ ਹੁਣ ਵਕਤ ਆ ਗਿਆ ਹੈ ਕਿ ਸ੍ਰੀਮਤੀ ਗਾਂਧੀ ਤੇ ਇਸ ਦੇਸ਼ ਦੇ ਹੁਕਮਰਾਨ ਦਸਣ ਕਿ ਉਹ ਸਿਖਾਂ ਨੂੰ ਭਾਰਤ ਦੇ ਨਾਲ ਰਖਣਾ ਚਾਹੁੰਦੇ ਹਨ ਕਿ ਨਹੀਂ ? ਸੰਤ ਜੀ ਨੇ ਕਿਹਾ ਕਿ ਜੇ ਪੰਜਾਬ ਤੋਂ ਦਿੱਲੀ ਜਾ ਰਿਹਾ 'ਸਿੱਖ' ਵੀ ਸੁਰਖਿਅਤ ਨਹੀਂ ਤਾਂ ਦਸਿਆ ਜਾਏ ਕਿ 'ਕੌਮੀ ਏਕਤਾ' ਕਿਸ ਦਾ ਨਾਂਅ ਹੈ ? ਜੇ ਸਿੱਖਾਂ ਨੂੰ ਦਿੱਲੀ ਨੇ ਨਾਲ ਰਖਣਾ ਹੈ ਤਾਂ ਜ਼ਰੂਰੀ ਹੈ ਕਿ ਪੰਜਾਬ ਤੋਂ ਦਿੱਲੀ ਇਕ 'ਕਾਰੀਡੋਰ' ਦਿਤਾ ਜਾਵੇ ਤਾਂ ਕਿ ਸਿੱਖ ਸੁਰੱਖਿਅਤ ਰੂਪ ਚਿ ਦਿੱਲੀ ਤੇ ਪੰਜਾਬ ਦੀ ਯਾਤਰਾ ਕਰ ਸਕਣ। ਸੰਤ ਜੀ ਨੇ ਸਿੱਖ ਸੰਗਤਾਂ ਨੂੰ ਕਿਹਾ ਕਿ ਹੁਣ ਸਿੱਖੀ ਦੀ ਪਰਖ ਦਾ ਸਮਾਂ ਹੈ। ਸੰਤ ਜੀ ਨੇ ਸਪਸ਼ਟ ਕੀਤਾ ਕਿ, ਸਾਡੀ ਲੜਾਈ ਹਿੰਦੂਆਂ ਜਾਂ ਕਿਸੇ ਹੋਰ ਫ਼ਿਰਕੇ ਵਿਰੁਧ ਨਹੀਂ, ਸਗੋਂ ਸਰਕਾਰ ਦੀ ਸਿੱਖ ਤੇ ਪੰਜਾਬ-ਵਿਰੋਧੀ ਨੀਤੀ ਨਾਲ ਹੈ। ਅਜੀਤ, ੨੪-੩-੮੪

---

## ਭਾਈ ਦਰਸ਼ਨ ਸਿੰਘ ਜੀ ਗੜਗਜ ਅਕਾਲ ਚਲਾਣਾ ਕਰ ਗਏ

ਆਪ ਜੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਪੁਰਾਣੇ ਸੰਗੀ ਸਾਥੀ ਸਨ। ਕੀਰਤਨ-ਅਖਾੜਿਆਂ ਦੇ ਰੰਗ ਮਾਨਣ ਵਾਲੇ, ਤੇ ਗੜਗਜ ਗੁਰ-ਸ਼ਬਦ ਗੁੱਰਾਟੇ ਗੁੰਜਾਉਣ, ਵਾਲੇ ਨਾਮ-ਅਭਿਆਸੀ ਸਜਣ ਸਨ। ਕਾਫ਼ੀ ਸਮੇਂ ਤੋਂ ਆਪ ਜੀ ਦੀਆਂ ਲੱਤਾਂ ਰਹਿ ਗਈਆਂ ਸਨ। ਆਪ ਜੀ ੨੨ ਮਾਰਚ ੧੯੮੪ ਨੂੰ ਜਲੰਧਰ ਆਪਣੇ ਛੋਟੇ ਲੜਕੇ ਪਾਸ ਰਹਿੰਦੇ ਹੋਏ ਉਥੇ ਹੀ ਅਕਾਲ ਚਲਾਣਾ ਕਰ ਗਏ। ਗੜਗਜ ਜੀ ਸਾਡੇ ਪੁਰਾਣੇ ਜਿਗਰੀ ਮੇਲੀ ਸਨ। ਸਤਿਗੁਰੂ ਦੇ ਚਰਨਾਂ ਵਿਚ ਸਾਡੀ ਸਨਿਮਰ ਅਰਦਾਸ ਹੈ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ। ਗੜਗਜ ਜੀ ਬਾਰੇ ਵੇਰਵੇ ਸਹਿਤ ਸਮਾਚਾਰ ਅਗਲੇ ਪਰਚੇ ਵਿਚ ਦਿਤੇ ਜਾਣਗੇ।


www.AKJ.Org

# ਸੂਰਾ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ ੨੬ ਪਾਠਕਾਂ ਵਲੋਂ ਡੇਢ ਡੇਢ ਸੌ ਰੁਪਏ ਪੁਜੇ ਹਨ। ਬੈਂਕ ਵਲੋਂ ਬਣਵਾਈ ਗਈ ਸਭ ਦੀ ਸਾਂਝੀ ਐਫ਼. ਡੀ. ਦਾ ਨੰਬਰ ਇਸ ਪ੍ਰਕਾਰ ਹੈ :—549455/166/84, ਮਿਤੀ 21-3-84, ਰਕਮ 3900/—

ਬੀਬੀ ਸਤਪਾਲ ਕੌਰ ਚੰਡੀਗੜ੍ਹ ੬੨੨੨, ਸ. ਰਾਜਿੰਦਰ ਸਿੰਘ ਫਗਵਾੜਾ ੬੨੨੩, ਲਾਇਬਰੇਰੀ ਗੁਰੂ ਨਾਨਕ ਸਤਸੰਗ ਸਭਾ ਖੇਤਰੀ ਨਗਰ ੬੨੨੪, ਸ: ਕਰਤਾਰ ਸਿੰਘ ਨਵੀ ਦਿੱਲੀ ੬੨੨੫, ਸ. ਜਸਵੰਤ ਸਿੰਘ ਕਾਂਚੀਲੀ ੬੨ ੬, ਸ. ਸੁਖਦੇਵ ਸਿੰਘ ਸੁਮਨ ਪਾਨੀਪਤ ੬੨੨੭, ਸ. ਧਨੇਸ਼ਵਰ ਸਿੰਘ ਰੋਬਰਸਟ ਗੰਜ ੬੨੨੮, ਸ· ਲਖਬੀਰ ਸਿੰਘ ਮਿਨਹਾਸ ਪਧਿਆਣਾ ੬੨੨੍, ਸੂਬੇਦਾਰ ਪਿਆਰਾ ਸਿੰਘ ਭਕੁ ਮਾਜਰਾ ੬੨੩੦, ਸਕੱਤਰ ਗੁਰਦਵਾਰਾ ੬੫੯ ਇੰਜੀਨੀਅਰ ਬ੍ਰਿਗੇਡ ਕੰ. ੬੨੩੧, ਬਾਬਾ ਹਰਜੀਤ ਸਿੰਘ ਹਰਸਾਲੀ ੬੨੩੨, ਪ੍ਰਧਾਨ ਸਿੰਘ ਸਭਾ ਗੁਰਦਵਾਰਾ ਬਸਦੇਹਰਾ ੬੨੩੩, ਮਿਸਜ਼ ਨਰਿੰਦਰ ਕੌਰ ਭਾਟੀਆ ਅੰਮ੍ਰਿਤਸਰ ੬੨੩੪, ਸ. ਸਰਬਜੀਤ ਸਿੰਘ ਭਾਨਪੁਰ ਨਬੀਆ ਚੱਕ ੬੨੩੫, ਸ ਗੁਰਮੇਲ ਸਿੰਘ ਚੈਕ ਡੋਨਾ ੬੨੩੬, ਗਿ. ਬਚਿੱਤਰ ਸਿੰਘ ਹਰੀਪੁਰ ੬੨੩੭, ਸ. ਜੋਗਿੰਦਰ ਸਿੰਘ ਸੀ: ਆਡੀਟਰ ਜਲੰਧਰ ੬੨੩੮, ਸ. ਸੋਹਨ ਸਿੰਘ ਮੁਲਤਾਨੀ ਨੰਦਾ ਚੌਰ ੬੨੩੯, ਸ. ਦਲਮੇਰ ਸਿੰਘ ਬੋਧਨੀ ੬੨੪੦, ਬਾਬਾ ਕਰਤਾਰ ਸਿੰਘ ਮਿਆਣੀ ੬੨੪੧, ਸ. ਭਾਗ ਸਿੰਘ A.P.O. ਫਿਰੋਜ਼ਪੁਰ ਕੈਂਟ ੬੨੪੨, ਸ. ਬਹਾਦਰ ਸਿੰਘ ਨੰਢੜਾ ਆਦਿ ਕਾਲੀ ੬੨੪੩, ਸ. ਚੈਂਚਲ ਸਿੰਘ ਗੋਸਲ ੬੨੪੪, ਸ. ਮੋਹਿੰਦਰ ਸਿੰਘ ਕਬੂਲਪੁਰ ੬੨੪੫, ਸ. ਜਸਵਿੰਦਰ ਸਿੰਘ ਬਾਂਸਲ ਜਲੰਧਰ ੬੨੪੬, ਸ. ਇਕਬਾਲ ਸਿੰਘ ਪਟਿਆਲਾ ੬੨੪੭

---

**ਰਿਸ਼ਤੇ ਨਾਤੇ**—(੧) ਚਿਠੀ ਪਤਰ ਇਸ ਪਤੇ ਤੇ ਲਿਖੋ : ਫ਼ਾਰਮ ਨੰ. .... C/O ਸੂਰਾ, ਮਾਈ ਸੇਵਾਂ, ਅੰਮ੍ਰਿਤਸਰ।
(੨) ਕੇਵਲ ਅੰਮ੍ਰਿਤਧਾਰੀ ਤੇ ਸਾਕਾਹਾਰੀ ਬੱਚਿਆਂ ਲਈ ਹੀ ਚਿਠੀ ਪਤਰ ਕਰੋ।

(੩) ਰਿਸ਼ਤੇ ਨਾਤੇ ਦੇ ਫਾਰਮ ਸੂਰਾ ਮਾਸਕ ਪੱਤਰ ਅੰਮ੍ਰਿਤਸਰ ਤੋਂ ਵਾਪਸੀ ਲਈ ਲਫ਼ਾਫ਼ਾ ਭੇਜ ਕੇ ਮੁਫ਼ਤ ਮੰਗਾਓ।

ਫਾਰਮ ਨੰ. ੨੦੬—ਇਕ ਅੰਮ੍ਰਿਤਧਾਰੀ ੨੮ ਸਾਲਾ ਬੀ.ਏ.ਬੀ.ਐਡ. ਬੀਬੀ, ਕੱਦ ੫'-੨", ਜ਼ਿਮੀਂਦਾਰ ਪ੍ਰੀਵਾਰ ਲਈ ਗਰੈਜੂਏਟ ਸਾਹਿਬੇ ਜਾਇਦਾਦ ਅੰਮ੍ਰਿਤਧਾਰੀ ਵਰ ਦੀ ਲੋੜ ਹੈ।

ਫਾਰਮ ਨੰ. ੨੦੭—ਇਕ ੨੪ ਸਾਲਾ ਦਸਵੀਂ ਪਾਸ ਸਿੰਘ, ਕੱਦ ੫'-੪", ਕਢਾਈ ਦੀ ਦੁਕਾਨ ਲਈ ਯੋਗ ਨਾਤੇ ਦੀ ਲੋੜ ਹੈ

ਫਾਰਮ ਨੰ. ੨੦੮—ਇਕ ੨੪ ਸਾਲਾ ਮੈਟਰਿਕ ਪਾਸ ਸਿੰਘ, ਕੱਦ ੫'-੪" ਕੰਮ ਰਾਜ ਮਿਸਤਰੀ ਲਈ ਯੋਗ ਨਾਤੇ ਦੀ ਲੋੜ ਹੈ

ਫਾਰਮ ਨੰ. ੨੦੯—ਇਕ ੨੫ ਸਾਲਾ ਪੰਜਵੀਂ ਪਾਸ ਸਿੰਘ, ਕੱਦ ੫'-੩", ਕੰਮ ਖੇਤੀ ਬਾੜੀ ਲਈ ਯੋਗ ਨਾਤੇ ਦੀ ਲੋੜ ਹੈ।

ਫ਼ਾਰਮ ਨੰ: ੨੧੦—ਇਕ ੩੫ ਸਾਲਾ ਸਿੰਘ, ਕੱਦ ੫'-੬" ਕੰਮ ਖੇਤੀ ਬਾੜੀ ਲਈ ਯੋਗ ਨਾਤੇ ਦੀ ਲੋੜ ਹੈ।

ਫਾਰਮ ਨੰ. ੨੧੧—ਇਕ ੨੫ ਸਾਲਾ ਬੀ.ਕਾਮ. ਸਿੰਘ ਕੱਦ ੫'-੭" ਆਪਣਾ ਕਾਰੋਬਾਰ, ਮਾਸਿਕ ਆਮਦਨ ੨੦੦੦/- ਲਈ ਯੋਗ ਨਾਤੇ ਦੀ ਲੋੜ ਹੈ।

ਫਾਰਮ ਨੰ: ੨੧੨—ਇਕ ੨੮ ਸਾਲਾ ਬਾਰ੍ਹਵੀਂ ਪਾਸ ਬੀਬੀ, ਕੱਦ ੫ ਫੁਟ, ਸਰਕਾਰੀ ਨੌਕਰੀ ਕਲਰਕ, ਮਾਸਕ ੯੦੦ ਰੁਪਏ ਲਈ ਯੋਗ ਵਰ ਦੀ ਲੋੜ ਹੈ।

ਫਾਰਮ ਨ: ੨੧੪—ਇਕ ੨੦ ਸਾਲਾ ਬੀਬੀ ਬੀ.ਏ.ਬੀ.ਐਡ. ਨਿਤਨੇਮਣ ਲਈ ਯੋਗ ਵਰ ਦੀ ਲੋੜ ਹੈ।

ਫਾਰਮ ਨੰ: ੨੧੫—ਇਕ ੨੩ ਸਾਲਾ ਐਮ.ਏ. ਪਾਸ, ਕੀਰਤਨੀ ਬੀਬੀ ਕੱਦ ੫ ਫੁਟ ਲਈ ਯੋਗ ਵਰ ਦੀ ਲੋੜ ਹੈ।

ਫਾਰਮ ਨੰ: ੨੧੬—ਇਕ ੨੬ ਸਾਲਾ ਇੰਜੀਨੀਅਰ ਸਿੰਘ, ਕੱਦ ੬ ਫੁਟ ਲਈ ਘਟੋ ਘਟ ਐਮ ਏ. ਪਾਸ ਸਿੰਘਣੀ ਦੀ ਲੋੜ ਹੈ।

ਫਾਰਮ ਨੰ: ੨੧੭—ਇਕ ੨੭ ਸਾਲਾ ਸਿੰਘ, ਕੱਦ ੫'-੯" ਅਠਵੀਂ ਪਾਸ ਕੰਘੇ ਕੜੇ ਦੀ ਦੁਕਾਨ ਲਈ ਯੋਗ ਨਾਤੇ ਦੀ ਲੋੜ ਹੈ।

ਫਾਰਮ ਨੰ: ੨੧੮—ਇਕ ੨੮ ਸਾਲਾ ਬੀ.ਏ.ਬੀ.ਐਡ. ਸਿੰਘ, ਕੱਦ ੫'-੧" ਲਈ ਘਟੋ ਘਟ ਗਰੈਜੂਏਟ ਨਾਤੇ ਦੀ ਲੋੜ ਹੈ।

ਫਾਰਮ ੨੧੯—ਇਕ ਸਾਢੇ ੧੯ ਸਾਲਾ ਬੀਬੀ, ਕੱਦ ੫'-੨",ਸਿਲਾਈ ਕਢਾਈ ਤੇ ਮੈਟਰਿਕ ਪਾਸ ਲਈ ਯੋਗ ਵਰ ਦੀ ਲੋੜ ਹੈ।

ਫਾਰਮ ਨੰ: ੨੨੦—ਇਕ ਅੰਮ੍ਰਿਤਧਾਰੀ ਨੇਵੀ ਵਿਚ ਚੀਫ ਇੰਜੀਨੀਅਰ ਨਿਤਨੇਮੀ ਤੇ ਅਭਿਆਸੀ ਸਿੰਘ, ਉਮਰ ੩੮ ਸਾਲ ਇੰਗਲੈਂਡ ਨਿਵਾਸੀ ਲਈ ੨੦ ਤੋਂ ੩੦ ਸਾਲ ਦੇ ਦਰਮਿਆਨ ਉਮਰ ਵਾਲੀ ਅਛੀ ਕੀਰਤਨੀ ਬੀਬੀ ਦੇ ਨਾਤੇ ਦੀ ਲੋੜ ਹੈ।



www.AKJ.Org

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਸ੍ਰੀ ਅਖੰਡ ਪਾਠ ਸਮਾਗਮ

ਭਾਈ ਗੁਰਨਾਮ ਸਿੰਘ ਜੀ ਰੈਡਿੰਗ ਤੋਂ ਸੂਚਨਾ ਦਿੰਦੇ ਹਨ ਕਿ—

(1) ਸ੍ਰੀ ਅਖੰਡਪਾਠ—੬-੪-੮੪ ਭੋਗ, ਉਪਰੰਤ ਕੀਰਤਨ । ਗ੍ਰਿਹ ਵਿਖੇ—ਭਾਈ ਜੋਗਿੰਦਰ ਸਿੰਘ ਜੀ, 27-Salterford Road, Leicester, England, ਫੋਨ: 0533-764179

(2) ਸ੍ਰੀ ਅਖੰਡਪਾਠ—੪-੫-੮੪ ਭੋਗ, ਉਪਰੰਤ ਕੀਰਤਨ । ਗ੍ਰਿਹ ਵਿਖੇ—ਭਾਈ ਸੁਰਿੰਦਰ ਸਿੰਘ ਜੀ, 8-Palham Road South, Gravesend, Kent, England, ਫੋਨ 0474-26688

## ਸ਼ਰੋਮਣੀ ਅਕਾਲੀ ਦਲ ਯੂ. ਕੇ. ਵਲੋਂ ਅਖੰਡ ਕੀਰਤਨ ਤੇ ਅੰਮ੍ਰਿਤ ਸਿੰਚਾਰ

ਯੂ. ਕੇ. ਦੀਆਂ ਸਮੂਹ ਸੰਗਤਾਂ ਤੇ ਜਥੇਬੰਦੀਆਂ ਵਲੋਂ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ ਸਮਾਗਮ ਗੁਰੂ ਨਾਨਕ ਗੁਰਦਵਾਰਾ Allied Centre Green Man Entre off Tower Street Dudley ਵਿਖੇ ਹਰ ਮਹੀਨੇ ਸ਼ਨੀਵਾਰ ਰਾਤ ੭ ਵਜੇ ਤੋਂ ਐਤਵਾਰ ਸਵੇਰੇ ੭ ਵਜੇ ਤਕ ਹੇਠ ਲਿਖੀਆਂ ਤਰੀਕਾਂ ਤੇ ਪ੍ਰੋਗਰਾਮ ਹੋ ਰਹੇ ਹਨ । ਅੰਮ੍ਰਿਤ-ਅਭਿਲਾਖੀ ਪੰਜ ਕਕਾਰੀ 'ਰਹਿਤ ਕੇਸਕੀ' ਸਮੇਤ ਧਾਰਨ ਕਰ ਕੇ ਵਕਤ ਸਿਰ ਪੁਜ ਜਾਣ । ਅੰਮ੍ਰਿਤ ਸਿੰਚਾਰ ਸਮਾਗਮ ਸ਼ਨੀਵਾਰ ਸ਼ਾਮ ੪ ਵਜੇ ਅਰੰਭ ਹੋ ਜਾਣਗੇ — ੭ ਅਪ੍ਰੈਲ, ੨ ਜੂਨ, ੨੮ ਜੁਲਾਈ, ੨੨ ਸਤੰਬਰ, ਤੇ ੧੭ ਨਵੰਬਰ ੧੯੮੪

## ਕਪੂਰਥਲਾ ਵਿਖੇ ਸ੍ਰੀ ਅਖੰਡਪਾਠ ਤੇ ਕੀਰਤਨ

ਦਾਸ ਦੀ ਸਿੰਘਣੀ ਦੀ ਸਾਲਾਨਾ ਯਾਦ ਵਿਚ ੨੨ ਅਪ੍ਰੈਲ ਐਤਵਾਰ ਨੂੰ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ । ਉਪਰੰਤ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ । ਦਾਸ—ਸਾਧੂ ਸਿੰਘ, ੩੫੦੫, ਅੰਮ੍ਰਿਤ ਬਜ਼ਾਰ, ਨੇੜੇ ਪਿਪਲ ਵਾਲਾ ਗੁਰਦਵਾਰਾ, ਕਪੂਰਥਲਾ

## ਪਿੰਡ ਹਾਜ਼ੂਰਾ (ਹੁਸ਼ਿਆਰਪੁਰ) ਵਿਖੇ ਸ੍ਰੀ ਅਖੰਡਪਾਠ ਸਮਾਗਮ

ਭਾਈ ਪ੍ਰੀਤਮ ਸਿੰਘ ਜੀ ਨਿਹੰਗ ਸਿੰਘ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਿਹ ਵਿਖੇ ੮ ਅਪ੍ਰੈਲ ਸਵੇਰੇ ਸ੍ਰੀ ਅਖੰਡ ਪਾਠ ਦੇ ਭੋਗ ਪੈਣਗੇ ਤੇ ਕੀਰਤਨ ਹੋਣਗੇ । ਆਇ ਜੁੜੋ ਜੀ । ਪਿੰਡ ਹਾਜ਼ੂਰਾ ਚੌਲਾਂਗ ਅੱਡੇ ਦੇ ਬਿਲਕੁਲ ਨੇੜੇ ਹੈ ।

## ਡੇਰਾ ਬਸੀ (ਨੇੜੇ ਚੰਡੀਗੜ੍ਹ) ਵਿਖੇ ਰੈਣ ਸਬਾਈ ਕੀਰਤਨ

ਅਖੰਡ ਕੀਰਤਨੀ ਜਥਾ ਡੇਰਾ ਬਸੀ ਵਲੋਂ ਬੇਬੇ ਨਾਨਕੀ ਗੁਰਦੁਆਰੇ ਵਿਖੇ ੨੧ ਅਪ੍ਰੈਲ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ । ਆਇ ਜੁੜੋ ਜੀ । ਚੰਡੀਗੜ੍ਹ ਤੇ ਅੰਬਾਲੇ ਤੋਂ ਬਸਾਂ ਮਿਲਦੀਆਂ ਹਨ ।

## ਪਿੰਡ ਸ਼ੰਕਰਪੁਰਾ ਨੇੜੇ ਬਟਾਲਾ (ਗੁਰਦਾਸਪੁਰ) ਵਿਖੇ ਰੈਣ ਸਬਾਈ ਕੀਰਤਨ

ਭਾਈ ਅਮਰੀਕ ਸਿੰਘ ਤੇ ਸੰਗਤ ਸ਼ੰਕਰਪੁਰ ਵਲੋਂ ਬੇਨਤੀ ਹੈ ਕਿ ਪਿੰਡ ਵਿਚ ਹੁਣ ਤਕ ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿਚ ੨੮ ਅਪ੍ਰੈਲ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ । ਇਹ ਪਿੰਡ ਬਟਾਲਾ-ਅਲੀਵਾਲ ਸੜਕ ਤੇ ਹਰਚਰਨਪੁਰਾ ਅਡੇ ਤੋਂ ਇਕ ਕਿਲੋਮੀਟਰ ਹੈ । ਮੁਰਗੀ ਮਹਲਾ ਬਟਾਲਾ ਤੋਂ ਸ਼ਾਮ ਨੂੰ ਟਰਾਲੀ ਚਲੇਗੀ ।

## ਪਿੰਡ ਕਾਲੇ ਮਾਜਰਾ (ਰੋਪੜ) ਵਿਖੇ ਰੈਣ ਸਬਾਈ ਕੀਰਤਨ

ਸੂਬੇਦਾਰ ਗੁਰਵੰਤ ਸਿੰਘ ਜੀ ਬੇਨਤੀ ਕਰਦੇ ਹਨ ਕਿ ਪਿੰਡ ਦੇ ਗੁਰਦਵਾਰਾ ਸਾਹਿਬ ਵਿਖੇ ੨੮ ਅਪ੍ਰੈਲ ਸ਼ਨੀਵਾਰ ਦੀ ਰਾਤ ਨੂੰ ਅਖੰਡ ਕੀਰਤਨੀ ਜਥਾ ਪਟਿਆਲਾ ਦੇ ਸਹਿਯੋਗ ਨਾਲ ਰੈਣ ਸਬਾਈ ਕੀਰਤਨ ਹੋ ਰਹੇ ਹਨ । ਆਖਰੀ ਬਸ ਚੰਡੀਗੜ੍ਹ ਤੋਂ ੫-੪੦ ਸ਼ਾਮ, ਤੇ ਮੋਰਿੰਡੇ ਤੋਂ C.T.U. ਦੀ ਬਸ ੬-੩੦ ਸ਼ਾਮ ਚਲਦੀ ਹੈ ।

## ਪਿੰਡ ਡਾਲੋ ਮਾਜਰਾ (ਪਟਿਆਲੇ) ਵਿਖੇ ਸਾਲਾਨਾ ਸਮਾਗਮ

ਅਖੰਡ ਕੀਰਤਨੀ ਜਥੇ ਵਲੋਂ ੭ ਅਪ੍ਰੈਲ ਸ਼ਨੀਵਾਰ ਸਵੇਰੇ ਅਖੰਡ ਪਾਠ ਦੇ ਭੋਗ ਉਪਰੰਤ ਦੁਪਹਿਰ ਤਕ ਕੀਰਤਨ ਹੋ ਰਹੇ ਹਨ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ । ਡਾਲੋ ਮਾਜਰਾ ਜੀ.ਟੀ. ਰੋਡ ਤੇ ਰਾਜਪੁਰਾ ਤੋਂ ੯ ਕਿਲੋਮੀਟਰ ਤੇ ਸਰਹਿੰਦ ਤੋਂ ੭ ਕਿਲੋਮੀਟਰ ਹੈ । ਦੁਖ ਨਿਵਾਰਨ ਸਾਹਿਬ ਪਟਿਆਲਾ ਤੋਂ ਸ਼ਾਮ ਨੂੰ ੫ ਵਜੇ ਪਿੰਡ ਲਈ ਟਰੱਕ ਚਲੇਗਾ ।

## ਜਗਾਧਰੀ ਵਿਖੇ ਰੈਣ ਸਬਾਈ ਕੀਰਤਨ ਤੇ ਸ੍ਰੀ ਅਖੰਡਪਾਠ

ਭਾਈ ਗਾੜਾ ਸਿੰਘ, ੧੨੭-੩, ਵਿਸ਼ਨੂੰ ਨਗਰ, ਰੇਲਵੇ ਵਰਕਸ਼ਾਪ ਜਗਾਧਰੀ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਿਹ ਵਿਖੇ ੨੯ ਅਪ੍ਰੈਲ ਐਤਵਾਰ ਸਵੇਰੇ ਸ੍ਰੀ ਅਖੰਡਪਾਠ ਤੋਂ ਉਪਰੰਤ ਦੁਪਹਿਰ ਤਕ ਕੀਰਤਨ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ ।

## ਪਿੰਡ ਝਾਂਡੇ ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾਸਟਰ ਸਤਵੰਤ ਸਿੰਘ ਜੀ ਸੂਚਨਾ ਦੇਂਦੇ ਹਨ ਕਿ ਭਾਈ ਮਹੇਸ਼ਇੰਦਰ ਸਿੰਘ ਸਪੁਤਰ ਕੈਪਟਨ ਇੰਦਰ ਸਿੰਘ ਦੇ ਗ੍ਰਿਹ ਵਿਖੇ ੨੧ ਅਪ੍ਰੈਲ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ । ਆ ਜੁੜੋ ਤੇ ਲਾਹੇ ਪ੍ਰਾਪਤ ਕਰੋ ।

www.AKJ.Org

# ਵੈਸਾਖੀ ਦਾ ਸਾਲਾਨਾ ਅਖੰਡ ਕੀਰਤਨ ਸਮਾਗਮ ਸ੍ਰੀ ਅੰਮ੍ਰਿਤਸਰ ਵਿਖੇ

## 11 ਅਪ੍ਰੈਲ ਬੁਧਵਾਰ ਸਵੇਰ ਤੋਂ 14 ਅਪ੍ਰੈਲ 1984 ਸ਼ਨੀਵਾਰ ਸਵੇਰ ਤਕ

ਸਦਾ ਵਾਂਗ ਸ਼ਹੀਦਾਂ ਦੀ ਯਾਦ ਮਨਾਂਦਿਆਂ ਖਾਲਸੇ ਦੇ ਜਨਮ-ਦਿਨ ਵੈਸਾਖੀ ਉਤੇ ਨਾਮ ਬਾਣੀ ਵਿਚ ਜੁੜਨ ਲਈ ਹੇਠ ਲਿਖੇ ਅਨੁਸਾਰ ਪ੍ਰੋਗਰਾਮ ਹੋ ਰਹੇ ਹਨ। ਕੀਰਤਨ ਦੇ ਲਾਹੇ ਲੈਣ ਲਈ, ਅੰਮ੍ਰਿਤ ਸਰੋਵਰ ਵਿਚ ਚੁਭੇ ਲਾਉਣ ਲਈ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ-ਦੀਦਾਰਿਆਂ ਲਈ ਹੁਮ-ਹੁਮਾ ਕੇ ਆਇ ਦੀਦਾਰ ਬਖ਼ਸ਼ੋ ਜੀ।

| | | |
|---|---|---|
| ੧੧ ਅਪ੍ਰੈਲ | ਸਵੇਰੇ ੪ ਤੋਂ ੭ ਆਸਾ ਦੀ ਵਾਰ ਉਪ੍ਰੰਤ ਸ੍ਰੀ ਅਖੰਡਪਾਠ ਅਰੰਭ | ਸ੍ਰੀ ਗੁਰੂ ਰਾਮਦਾਸ ਹਾ: ਸੈ: ਸਕੂਲ ਵਿਖੇ |
| | ਸਵੇਰੇ ੧੦ ਵਜੇ ਕੀਰਤਨ ਉਤਸ਼ਾਹਤ ਬੱਚਿਆਂ ਦੀ ਪ੍ਰੀਖਿਆ | |
| | ਸ਼ਾਮ ੬ ਤੋਂ ੮-੩੦ ਸੋਦਰ ਤੇ ਅਖੰਡ ਕੀਰਤਨ | ਗੁ: ਸ਼ਹੀਦਗੰਜ ਬਾਬਾ ਦੀਪ ਸਿੰਘ ਜੀ ਸ਼ਹੀਦ |
| ੧੨ ਅਪ੍ਰੈਲ | ਸਵੇਰੇ ੩-੩੦ ਤੋਂ ੧੧ ਵਜੇ ਆਸਾ ਦੀ ਵਾਰ ਤੇ ਅਖੰਡ ਕੀਰਤਨ | ਸ੍ਰੀ ਹਰਿਮੰਦਰ ਸਾਹਿਬ ਤੇ ਅਕਾਲਤਖਤ ਸਾਹਿਬ |
| | ਸ਼ਾਮ ੬-੦੦ ਤੋਂ ੯-੦੦ ਸੋਦਰ ਤੇ ਅਖੰਡ ਕੀਰਤਨ | ਗੁਰਦਵਾਰਾ ਪਿਪਲੀ ਸਾਹਿਬ (ਪੁਤਲੀ ਘਰ) |
| ੧੩ ਅਪ੍ਰੈਲ | ਸਵੇਰੇ ੫-੦੦ ਭੋਗ, ਸ੍ਰੀ ਅਖੰਡਪਾਠ, ੫-੩੦ ਤੋਂ ੯-੦੦ ਆਸਾ ਦੀ ਵਾਰ) | |
| | ੯ ਤੋਂ ੧੦ ਅਨੰਦਕਾਰਜ, ਉਪਰੰਤ ੧-੦੦ ਦੁਪਹਿਰ ਤਕ ਅਖੰਡ ਕੀਰਤਨ) | ਗੁਰੂ ਰਾਮਦਾਸ ਖਾ: ਹਾ: ਸੈ: ਸਕੂਲ |
| | ਅਤੇ ਕੀਰਤਨ ਉਤਸ਼ਾਹਤ ਸਕੀਮ ਅਨੁਸਾਰ ਬੱਚਿਆਂ ਨੂੰ ਸਿਰੋਪਾ ) | |
| | ਸ਼ਾਮ ੪-੦੦ ਅੰਮ੍ਰਿਤ ਸਿੰਚਾਰ ਅਰੰਭ | " " " |
| | ਸ਼ਾਮ ੭-੦੦ ਸੋਦਰ ਉਪ੍ਰੰਤ ਰੈਣ ਸਬਾਈ ਕੀਰਤਨ ਅਰੰਭ | ਦੀਵਾਨ ਮੰਜੀ ਸਾਹਿਬ ਹਾਲ |
| ੧੪ ਅਪ੍ਰੈਲ | ਸਵੇਰੇ ੪-੦੦ ਵਜੇ ਸਮਾਪਤੀ ਰੈਣ ਸਬਾਈ ਕੀਰਤਨ | |

ਨੋਟ—(੧) ਲੋੜ ਅਨੁਸਾਰ ਪ੍ਰੋਗਰਾਮ ਚਿ ਤਬਦੀਲੀ ਹੋ ਸਕਦੀ ਹੈ। (੨) ਲੋੜ ਮੂਜਬ ਆਪਣੇ ਬਿਸਤਰੇ ਲਿਆਓ ਜੀ।
(੩) ਰਿਹਾਇਸ਼ ਗੁਰੂ ਰਾਮਦਾਸ ਖਾਲਸਾ ਹਾਇਰ ਸੈਕੰਡਰੀ ਸਕੂਲ, ਰਾਮਸਰ ਰੋਡ, ਸ੍ਰੀ ਅੰਮ੍ਰਿਤਸਰ ਵਿਖੇ ਹੋਵੇਗੀ।

ਪੁਛ ਗਿਛ : 'ਸੂਰਾ', ਮਾਈ ਸੇਵਾਂ, ਅੰਮ੍ਰਿਤਸਰ ਫ਼ੋਨ 51847 ਦਾਸਰੇ—ਅਖੰਡ ਕੀਰਤਨੀ ਜਥਾ, ਸ੍ਰੀ ਅੰਮ੍ਰਿਤਸਰ

---

# ਸਮਾਗਮ ਸ਼ਹੀਦੀ ਗੁਰਪੁਰਬ ਪੰਚਮ ਪਾਤਸ਼ਾਹ ਜੀ ਹੁਸ਼ਿਆਰਪੁਰ ਵਿਖੇ

## 30 ਮਈ ਤੋਂ 4 ਜੂਨ ਸਵੇਰ ਤਕ ਹੋਣਗੇ—ਵੇਰਵਾ ਆਉਂਦੇ ਪਰਚੇ ਵਿਚ

---

## ਸ਼ਹੀਦ ਭਾਈ ਕੇਵਲ ਸਿੰਘ ਦੀ ਯਾਦ ਵਿਚ ਸਾਲਾਨਾ ਕੀਰਤਨ ਸਮਾਗਮ

ਭਾਈ ਹਰਮਿੰਦਰ ਸਿੰਘ ਜੀ ਸੂਚਨਾ ਦਿੰਦੇ ਹਨ ਕਿ ਵੈਸਾਖੀ ੧੯੭੮ ਦੇ ਸ਼ਹੀਦ ਦੀ ਯਾਦ ਵਿਚ ਗੁ: ਕਲਗੀਧਰ ਚਰਨ ਪਾਵਨ, ਮਾਡਲ ਟਾਊਨ ਹੁਸ਼ਿਆਰਪੁਰ ਵਿਖੇ ੮ ਅਪ੍ਰੈਲ ੧੯੮੪ ਐਤਵਾਰ ਸਵੇਰੇ ੮ ਤੋਂ ੧੨ ਤਕ ਅਖੰਡ ਕੀਰਤਨ ਹੋਣਗੇ।

---

## ੪੦ ਮੁਕਤਿਆਂ ਦੀ ਪਵਿਤਰ ਯਾਦ ਵਿਚ ਮੁਕਤਸਰ ਵਿਖੇ ਰੈਣ ਸਬਾਈ ਕੀਰਤਨ

ਦਸਮ ਪਾਤਸ਼ਾਹ ਜੀ ਦੀ ਚਰਨ-ਛੁਹ ਪ੍ਰਾਪਤ ਧਰਤੀ ਸ੍ਰੀ ਦਰਬਾਰ ਸਾਹਿਬ ਮੁਕਤਸਰ ਵਿਖੇ ਅਖੰਡ ਕੀਰਤਨੀ ਜਥਿਆਂ ਵਲੋਂ 5 ਮਈ ੧੯੮੪ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਕੀਰਤਨ ਦੇ ਲਾਹੇ ਭੁੰਚੋ ਜੀ।

ਪੁਛ ਗਿਛ: ਭਾ: ਗਰਦੇਵ ਸਿੰਘ, 7041-ਮਲੋਟ ਰੋਡ, ਮੁਕਤਸਰ। —ਮੈਨੇਜਰ ਸ੍ਰੀ ਦਰਬਾਰ ਸਾਹਿਬ, ਮੁਕਤਸਰ

---

## ਪਠਾਨਕੋਟ ਵਿਖੇ ਰੈਣ ਸਬਾਈ ਕੀਰਤਨ

ਭਾਈ ਸੇਵਾ ਸਿੰਘ ਫ਼ਲਾਈਟ ਲੈਫਟੀਨੈਂਟ (ਰੀ:) ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਿਹ ਪ੍ਰਕਾਸ਼ ਨਿਵਾਸ, ੧੧੫ ਅਬਰੋਲ ਨਗਰ, ਪਠਾਨਕੋਟ ਵਿਖੇ ੨੧ ਅਪ੍ਰੈਲ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਦੀਦਾਰ ਬਖਸ਼ੋ ਜੀ। ਅਬਰੋਲ ਨਗਰ, ਸੈਂਟਰਲ ਸੈਨਿਕ ਗੁਰਦਵਾਰਾ ਪਠਾਨਕੋਟ ਤੋਂ ਅੱਧਾ ਕਿਲੋਮੀਟਰ ਉਤਰ ਵਾਲੇ ਪਾਸੇ ਹੈ।

---

## ਬੱਸੀ ਪਠਾਣਾਂ ਜ਼ਿਲਾ ਪਟਿਆਲਾ ਵਿਖੇ ਰੈਣ ਸਬਾਈ ਕੀਰਤਨ

ਭਾਈ ਜਸਵੰਤ ਸਿੰਘ ਜੀ ਗੁੰਬੀ ਬੇਨਤੀ ਕਰਦੇ ਹਨ ਕਿ ਲਾਲ ਗੁਰਦਵਾਰਾ, ਧੋਬੀ ਮਹੱਲਾ, ਬੱਸੀ ਪਠਾਣਾਂ ਵਿਖੇ ੪ ਮਈ ਸ਼ੁਕਰਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਦਰਸ਼ਨ ਦੇ ਕੇ ਨਿਵਾਜੋ ਜੀ।

---

'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

www.AKJ.Org